ੴ ਵਾਹਿਗੁਰੂ ਜੀ ਕੀ ਫ਼ਤਹ ॥

68/4-11/500

ਸ੍ਰੀ ਅਕਾਲ ਤਖ਼ਤ ਸਾਹਿਬ ਜੀ

# ਸ੍ਰੀ ਅਕਾਲ ਤਖ਼ਤ ਸਾਹਿਬ

**Sri Akal Takhat Sahib, Sri Amritsar (Pb.) India**

ਨੰਬਰ ਅ:ਤ:/3597 ਮਿਤੀ 11-12-2013

ਗੁਰੂ ਸਵਾਰੇ ਖਾਲਸਾ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸੈਨਿਕ ਕਲੋਨੀ, ਜੰਮੂ ਦੇ ਨਿਯਮ ਉਪ-ਨਿਯਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵਾਚਿਆ ਵਿਚਾਰਿਆ ਗਿਆ। ਗੁਰਦੁਆਰਾ ਸਿੱਖਾਂ ਦੀ ਮੂਲ ਸੰਸਥਾ ਹੈ, ਜਿਸ ਦਾ ਪ੍ਰਬੰਧ, ਸੇਵਾ ਸੰਭਾਲ ਗੁਰਮਤਿ ਸਿਧਾਂਤਾਂ, ਸਿੱਖ ਰਹਿਤ ਮਰਯਾਦਾ ਅਤੇ ਸਿੱਖ ਪਰੰਪਰਾਵਾਂ ਅਨੁਸਾਰ ਹੀ ਹੋਣਾ ਚਾਹੀਦਾ ਹੈ। ਪ੍ਰਬੰਧਕਾਂ ਦਾ ਸਿੱਖੀ ਸਰੂਪ 'ਚ ਸਾਬਤ ਸੂਰਤ ਹੋਣਾ ਤੇ ਸੇਵਾ ਸਿਮਰਨ ਦੀ ਭਾਵਨਾ ਹੋਣੀ ਲਾਜ਼ਮੀ ਹੈ। ਮੈਨੂੰ ਖੁਸ਼ੀ ਹੈ ਕਿ ਜੋ ਨਿਯਮ ਉਪ-ਨਿਯਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸੈਨਿਕ ਕਲੋਨੀ ਵਲੋਂ ਬਣਾਏ ਗਏ ਹਨ, ਉਹ ਸਲਾਹੁਣਯੋਗ ਹਨ। ਕਰਤਾ ਪੁਰਖ ਹਿੰਮਤ ਕਰੇ ਤੁਸੀਂ ਸਾਰੇ ਹੀ ਗੁਰਸਿੱਖ ਭੈਣ ਭਾਈ ਗੁਰੂ-ਗ੍ਰੰਥ ਗੁਰੂ-ਪੰਥ ਨੂੰ ਸਮਰਪਿਤ ਹੁੰਦਿਆਂ ਇਨਾਂ 'ਤੇ ਅਮਲ ਕਰ ਸਕੋ। ਮੈਂ ਆਸ ਕਰਦਾ ਹਾਂ ਕਿ ਤੁਸੀਂ ਸਿੱਖ ਰਹਿਤ ਮਰਯਾਦਾ ਦੀ ਪਾਲਣਾ ਕਰਦੇ ਹੋਏ ਗੁਰਬਾਣੀ, ਗੁਰਮਤਿ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਦੇ ਕੇਂਦਰ ਇਸ ਗੁਰਦੁਆਰਾ ਸਾਹਿਬ ਤੋਂ ਸਿੱਖੀ ਦੀ ਖੁਸ਼ਬੋਈ ਨੂੰ ਮਾਨਵਤਾ 'ਚ ਵੰਡੋਗੇ। ਮੇਰੀ ਕਰਤਾ ਪੁਰਖ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਤੁਸੀਂ ਇਸ ਕਾਰਜ ਵਿੱਚ ਸਫ਼ਲ ਹੋਵੋ।

ਸ਼ੁਭ ਇੱਛਾਵਾਂ ਸਹਿਤ,

ਗੁਰੂ ਪੰਥ ਦਾ ਦਾਸ,

ਨੱਥੀ:- 1- ਤੁਹਾਡੇ ਵਲੋਂ ਬਣਾਏ ਨਿਯਮ ਉਪ-ਨਿਯਮ
2- ਸਿੱਖ ਰਹਿਤ ਮਰਯਾਦਾ ਦੀ ਕਾਪੀ।

( ਗੁਰਬਚਨ ਸਿੰਘ )
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ।



C.T.C

Chairman
Gur. Sri Guru Singh Sabha
Sainik Colony, Jammu

16/1/2015

Gurudwara Sri Guru Singh Sabha
Date. 24/9/2012
ਪੰਨਾ ਨ: ੨.
Sainik Colony, Jammu

ੴ ਸਤਿਗੁਰੂ ਪ੍ਰਸਾਦਿ

# ਨਿਯਮ ਅਤੇ ਉਪਨਿਯਮ
# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ
# ਸੈਨਿਕ ਕਲੋਨੀ (ਜੰਮੂ)

ਸੈਨਿਕ ਕਲੋਨੀ ਦੀ ਬਸਤੀ ਦੇ ਗੁਰਸਿੱਖਾਂ ਲਈ ਸਭ ਤੋਂ ਮਹਾਨ ਅਤੇ ਪੂਜਣਯੋਗ ਅਸਥਾਨ ਉਹ ਹੈ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਮੇਸ਼ਾ ਪ੍ਰਕਾਸ਼ਮਾਨ ਹੋਣ ਅਤੇ ਸਮੇਂ ਸਮੇਂ ਸਿਰ ਸ਼ਬਦ ਕੀਰਤਨ ਅਤੇ ਸੰਗਤਾਂ ਦਾ ਢੁਕਾਉ ਬਣਿਆ ਰਹੇ , ਉਹ ਸਾਂਝਾ ਅਸਥਾਨ ਗੁਰਦੁਆਰਾ ਸਾਹਿਬ ਅਖਵਾਉਂਦਾ ਹੈ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸੈਨਿਕ ਕਲੋਨੀ ਦੀ ਉਸਾਰੀ, ਇਥੋਂ ਦੀ ਸਗਤ ਦੀ ਅਗਵਾਈ ਅਤੇ ਉਗਰਾਹੀਂ ਰਾਹੀਂ ਹੋਈ ਹੈ ਅਤੇ ਇਹ ਇਥੋਂ ਦੀਆਂ ਗੁਰਸਿਖ ਸੰਗਤਾਂ ਦੀ ਸਾਂਝੀ ਵਿਰਾਸਤ ਹੈ। ਇਸ ਗੁਰਦੁਆਰਾ ਸਾਹਿਬ ਦੀ ਦੇਖ ਰੇਖ ਅਤੇ ਗੁਰਮਰਯਾਦਾ ਅਨੁਸਾਰ ਪ੍ਰਬੰਧ ਚਲਾਉਣ ਲਈ ਪ੍ਰਬੰਧਕ ਕਮੇਟੀ ਸਥਾਪਤ ਹੁੰਦੀ ਆਈ ਹੈ। ਜਿਸ ਨੂੰ ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸੈਨਿਕ ਕਲੋਨੀ (ਜੰਮੂ) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਨਿਯਮ ਅਤੇ ਉਪਨਿਯਮ ਇਸ ਪ੍ਰਕਾਰ ਹੋਣਗੇ –

Sant Mela Singh Technical Ashram
Diglana Ashram, Jammu

Gurdwara Sri Guru Singh Sabha Sainik Colony Jammu
Date 06-5-2012

## ਉਦੇਸ਼

ਪੰਨਾ ਨੰ: 2

(ੳ) ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਇੱਕੋ ਜੋਤ ਮੰਨਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼ਬਦ ਗੁਰੂ ਮੰਨਣਾ ਹੈ । ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਨ ਸਤਿਕਾਰ , ਆਦਰ ਅਤੇ ਸੇਵਾ ਸੰਭਾਲ ਦਾ ਪ੍ਰਬੰਧ ਗੁਰਮਤਿ ਦਾ ਪ੍ਰਚਾਰ ਕਰਨਾ ਅਤੇ ਕਰਾਉਣਾ ਹੈ ।

(ਅ) ਗੁਰਬਾਣੀ ਦੇ ਅਖੰਡ, ਸਪਤਾਹਿਕ ਅਤੇ ਸਹਿਜ ਪਾਠ, ਨਿਤਨੇਮ ਕੀਰਤਨ , ਦੀਵਾਨ ਦੀ ਕਾਰਵਾਈ ਅਤੇ ਕੜਾਹ ਪ੍ਰਸ਼ਾਦਿ ਦੀ ਦੇਗ ਆਦਿ ਦਾ ਪ੍ਰਬੰਧ ਗੁਰਮਤਿ ਰਹਿਤ ਮਰਯਾਦ ਅਨੁਸਾਰ ਚਲਾਉਣਾ ਹੈ।

(ੲ) ਗੁਰਦੁਆਰਾ ਸਾਹਿਬ ਦੀ ਸੰਪੱਤੀ ਦੀ ਦੇਖ ਰੇਖ ਕਰਨੀ ਅਤੇ ਇਸ ਨੂੰ ਸੁਚਾਰੂ ਢੰਗ ਨਾਲ ਚਲਾਉਣ ਹੈ।

(ਸ) ਸਮੁੱਚੀ ਬਸਤੀ , ਬਰਾਦਰੀ ਤੇ ਭਾਈਚਾਰੇ ਵਿਚ ਆਏ ਕਿਸੇ ਵੀ ਭਿੰਨ-ਭੇਦ ਜਾਂ ਵਿਵਾਦ ਦਾ ਨਿਪਟਾਰਾ ਨਿਰਪੱਖ ਹੋ ਕੇ ਕਰਨਾ ਹੈ।

(ਹ) ਬਸਤੀ ਦੀ ਧਾਰਮਿਕ, ਆਰਥਿਕ ਸਮਾਜਿਕ, ਸਦਾਚਾਰਿਕ ਅਤੇ ਭਾਈਚਾਰਕ ਸਦਭਾਵਨਾ ਨੂੰ ਬਣਾਈ ਰੱਖਣਾ ਅਤੇ ਧਾਰਮਿਕ ਵਿਦਿਆ ਦੀ ਉਨੱਤੀ ਦੇ ਯਤਨ ਕਰਨੇ ਇਸ ਦੇ ਖਾਸ ਫਰਜ਼ ਹੋਣਗੇ।

(ਕ) ਸ੍ਰੀ ਅਕਾਲ ਤੱਖਤ ਸਾਹਿਬ ਵਲੋਂ ਸਮੇਂ ਸਮੇਂ ਸਿਰ ਆਏ ਹੁਕਮਨਾਮੇ / ਹਦਾਇਤਾ ਦੀ ਪਾਲਣਾ ਕਰਨਾ ਹੋਵੇਗੀ।

(ਖ) ਪ੍ਰਬੰਦਕ ਕਮੇਟੀ / ਸਲਾਹਕਾਰ ਕਮੇਟੀ ਵਿਚ ਕਿਸੀ ਕਾਰਨ ਕੋਈ ਮੱਤ-ਭੇਦ ਹੋ ਜਾਵੇ ਤਾਂ ਅਕਾਲ ਤੱਖਤ ਦਾ ਫੈਸਲਾ ਸੁਪਰੀਮ ਹੋਵੇਗਾ ਅਤੇ ਇਹੇ ਕਮੇਟੀਆਂ ਅਕਾਲ ਤੱਖਤ ਨੂੰ ਸਮਰਪਿਤ ਹੋਣਗੀਆਂ।

## ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਣਤਰ ਤੇ ਮਿਆਦ ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਰ ਵਿਆਕਤੀ ਲਈ ਅੰਮ੍ਰਿਤਧਾਰੀ ਗੁਰਮਿਖ ਹੋਣਾ ਜ਼ਰੂਰੀ ਹੈ । ਸਾਰੇ ਪ੍ਰਬੰਧਕ ਕਿਸੇ ਵੀ ਕਿਸਮ ਦਾ ਨਸ਼ੇ ਅਤੇ ਵਿਸ਼ੇ -ਵਿਕਾਰਾਂ ਤੋਂ ਰਹਿਤ ਹੋਣੇ ਚਾਹੀਦੇ ਹਨ, ਇਨ੍ਹਾਂ ਦੇ ਕਾਰੋਬਾਰ/ਵਾਪਾਰ ਵਿਚ ਸ਼ਾਮਿਲ ਨਾ ਹੋਣ।

**ਪ੍ਰਬੰਧਕ ਕਮੇਟੀ ਦੇ ਦੋ ਮੁੱਖ ਭਾਗ ਹੋਣਗੇ।**

(1) ਪ੍ਰਬੰਧਕ ਕਮੇਟੀ : – ਪ੍ਰਬੰਧਕ ਕਮੇਟੀ ਦਾ ਕਾਰੀਆਕਾਲ ਦੋ ਸਾਲ ਲਈ ਹੋਵੇਗਾ।

(2) ਸਲਾਹਕਾਰ ਕਮੇਟੀ :- ਸਲਾਹਕਾਰ ਕਮੇਟੀ ਦਾ ਕਾਰੀਆਕਾਲ ਢਾਈ ਸਾਲ ਜਾਂ ਨਵੀਂ ਸਲਾਹਕਾਰ ਕਮੇਟੀ ਦੀ ਚੋਣ ਤੱਕ ਹੋਵੇਗਾ ।



Sant Mela Singh Technical Ashram
Digiana Ashram, Jammu

ਇਨ੍ਹਾਂ ਦੋਹਾਂ ਕਮੇਟੀਆਂ ਦੇ ਮੈਂਬਰ ਗੁਰਦੁਆਰਾ ਸੈਨਿਕ ਕਲੋਨੀ ਦੀ ਹਦੂਦ ਵਿਚ ਵੱਸਦੇ ਸਿੱਖ ਹੀ ਨਿਯੁਕਤ ਕੀਤੇ ਜਾਣਗੇ।

**ਪ੍ਰਬੰਧਕ ਕਮੇਟੀ –**

ਇਸ ਕਮੇਟੀ ਦੀ ਰੂਪ ਰੇਖਾ ਇਸ ਪ੍ਰਕਾਰ ਹੋਵੇਗੀ ।

(1) ਪ੍ਰਧਾਨ

(2) ਸੀਨੀਅਰ ਮੀਤ ਪ੍ਰਧਾਨ

(3) ਮੀਤ ਪ੍ਰਧਾਨ

(4) ਜਨਰਲ ਸਕੱਤਰ

(5) ਮੀਤ ਸਕੱਤਰ

(6) ਖਜ਼ਾਨਚੀ

(ਪੁਰਸ਼ ਜਾਂ ਇਸਤਰੀ ਕਿਸੇ ਦੀ ਪੱਦ ਲਈ ਹੋ ਸਕਦੇ ਹਨ)

ਉਪਰੋਕਤ ਪ੍ਰਬਧਕ ਕਮੇਟੀ ਤੋਂ ਇਲਾਵਾ ਪੰਜ ਹੋਰ ਮੈਂਬਰ ਲ਼ਏ ਜਾਣਗੇ, ਜਿਨਾਂ ਵਿਛੋਂ ਘੱਟ ਤੋਂ ਘੱਟ ਦੋ ਬੀਬੀਆਂ ਦਾ ਹੋਣਾ ਲਾਜ਼ਮੀ ਹੈ। ਮੈਂਬਰਾਂ ਨੂੰ ਚੁਨਣ ਲਗਿਆ ਜਿਥੇ ਤੱਕ ਹੋ ਸਕੇ ਬਸਤੀ ਦੇ ਸਾਰੇ ਸੈਕਟਰਾਂ ਦੀ ਨੁਮਾਇੰਦਗੀ ਨੂੰ ਮੁੱਖ ਰੱਖ ਕੇ ਕੀਤਾ ਜਾਵੇਗਾ।

ਪ੍ਰਬੰਧਕ ਕਮੇਟੀ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਦੀ ਚੋਣ ਉਪ੍ਰੰਤ ਸਾਰਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸ਼ਪੱਤ ਗ੍ਰਹਿਣ ਕਰਵਾਈ ਜਾਵੇਗੀ ਕਿ ਉਹ ਗੁਰਦੁਆਰਾ ਸਾਹਿਬ ਦੇ ਨਿਯਮ ਅਤੇ ਉਪ ਨਿਯਮਾਂ ਅਨੁਸਾਰ ਹੀ ਆਪਣੇ ਫਰਜ਼ ਨਿਬਾਉਣਗੇ। ਸ਼ਪੱਤ ਦੀ ਕਾਰਵਾਈ ਨੂੰ ਗੁਰਦੁਆਰਾ ਸਾਹਿਬ ਦੇ ਰਿਕਾਰਡ ਵਿਚ ਰੱਖਿਆ ਜਾਵੇਗਾ।

Sant Mela Singh Technical Ashram
Diglana Ashram, Jammu

## ਪ੍ਰਬਧਕਾਂ ਦੀਆਂ ਜ਼ਿੰਮੇਵਾਰੀਆਂ –

(ੳ) ਪ੍ਰਬੰਧਕ ਗੁਰਦੁਆਰਾ ਸਾਹਿਬ ਵਿਚ ਸਵੇਰੇ –ਸ਼ਾਮ ਵੱਧ ਤੋਂ ਵੱਧ ਸਮਾਂ ਦੇਣਗੇ ਤਾਂ ਕਿ ਗੁਰਦੁਆਰਾ ਸਾਹਿਬ ਦੇ ਸੁਧਾਰ ਲਈ ਵਿਚਾਰ ਵਟਾਂਦਰਾ ਕਰਦੇ ਰਿਹਾ ਕਰਨਗੇ।

(ਅ) ਪ੍ਰਬੰਧਕ ਕਮੇਟੀ ਦੀ ਹਰ ਮਹੀਨੇ ਇਕ ਬੈਠਕ ਕਰਨੀ ਜ਼ਰੂਰੀ ਹੈ ਜਿਸ ਰਾਹੀਂ ਪਿੱਛਲੇ ਕੀਤੇ ਕੰਮ ਕਾਜ ਦਾ ਜਾਇਜ਼ਾ ਲੈਣਾ ਅਤੇ ਲੋੜ ਅਨੁਸਾਰ ਬਹੁ ਸੰਮਤੀ ਦੁਆਰਾ ਨਵੇਂ ਮਤੇ ਪਾਸ ਕਰਨੇ ਅਤੇ ਲਾਗੂ ਕਰਾਉਣੇ ਹੋਣਗੇ।

(ੲ) ਗੁਰਦੁਆਰਾ ਸਾਹਿਬ ਦੇ ਖ਼ਰਚੇ ਦੇ ਹਰ ਵੋਚਰ ਉਤੇ ਪ੍ਰਧਾਨ, ਸਕੱਤਰ ਅਤੇ ਖ਼ਜ਼ਾਨਚੀ ਦੇ ਦਸਖ਼ਤ ਹੋਣੇ ਜ਼ਰੂਰੀ ਹਨ।

(ਸ) ਕਿਸੇ ਅਹੁਦੇਦਾਰ ਜਾਂ ਮੁਲਾਜ਼ਮ ਨੂੰ (ਪ੍ਰਧਾਨ ਜੀ ਨੂੰ ਛੱਡ ਕੇ) ਪ੍ਰਬੰਧਕ ਕਮੇਟੀ ਦੀ ਬਹੁ ਸੰਮਤੀ ਨਾਲ ਕੱਡਿਆ ਜਾ ਰੱਖਿਆ ਜਾ ਸਕਦਾ ਹੈ।

(ਹ) ਕਮੇਟੀ ਦਾ ਕੋਈ ਵੀ ਮੈਂਬਰ ਲਗਾਤਾਰ ਤਿੰਨ ਮੀਟਿੰਗਾਂ ਵਿਚ ਬਿਨ੍ਹਾਂ ਕਿਸੀ ਕਾਰਣ, ਹਾਜ਼ਰ ਨਾ ਹੋਣ ਕਾਰਣ ਕਮੇਟੀ ਉਸ ਨੂੰ ਇਕ ਨੋਟਿਸ ਭੇਜੇਗੀ ਅਤੇ ਅਗਰ ਉਹ ਲਗਾਤਾਰ ਪੰਜ ਮੀਟਿੰਗਾਂ (3+2) ਵਿਚ ਨਹੀਂ ਆਉਂਦਾ ਤਾਂ ਉਸ ਨੂੰ ਕਮੇਟੀ ਤੋਂ ਖਾਰਜ਼ ਕੀਤਾ ਜਾ ਸਕਦਾ ਹੈ। ਪ੍ਰਧਾਨ ਆਪਣੀ ਪ੍ਰਬੰਧਕ ਕਮੇਟੀ ਨਾਲ ਸਲਾਹ-ਮਸ਼ਵਰਾ ਕਰਕੇ ਉਸ ਵਿਅਕਤੀ ਦੀ ਥਾਂ ਬਸਤੀ ਵਿਚ ਰਹਿਣ ਵਾਲੇ ਕਿਸੇ ਹੋਰ ਯੋਗ ਗੁਰਸਿਖ ਵਿਆਕਤੀ ਨੂੰ ਪ੍ਰਬੰਧਕ ਕਮੇਟੀ ਵਿਚ ਰਖਿਆ ਜਾ ਸਕਦਾ ਹੈ।

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੈਨਿਕ ਕਲੋਨੀ ਦੀ ਹਦੂਦ

ਇਸ ਗੁਰਦੁਆਰਾ ਸਾਹਿਬ ਦੀ ਹਦੂਦ ਵਿਚ ਹੇਠਾਂ ਲਿਖੇ ਹਿਸੇ ਸਮਝੇ ਜਾਣਗੇ :

(ੳ) ਸੈਨਿਕ ਕਲੋਨੀ ਦੇ ਏ ਤੋਂ ਜੀ ਸੈਕਟਰ ਅਤੇ ਉਨ੍ਹਾਂ ਦੇ ਐਕਸਟੈਨਸ਼ਨ।

(ਅ) ਆਦਰਸ਼ ਵਿਹਾਰ।

(ੲ) ਇੰਦਰਾ ਵਿਹਾਰ।

(ਸ) ਮਹਾਂਰਿਸ਼ੀ ਸਕੂਲ ਵਾਲਾ ਇਲਾਕਾ।

(ਝ) ਸੈਂਟਰ ਯੂਨੀਵਰਸਿਟੀ ਦੇ ਦਫ਼ਤਰ ਤੇ ਆਸ ਪਾਸ ਵਾਲਾ ਇਲਾਕਾ।

(ਕ) ਪਿੰਡ ਚੁਆਦੀ ਦੇ ਇਲਾਕੇ ਸ਼ਾਮਿਲ ਹੋਣਗੇ।

ਉਪਰ ਲਿਖੇ ਇਲਾਕਿਆਂ ਵਿਚ ਰਹਿ ਰਹੇ ਸਾਰੇ ਗੁਰਸਿੱਖ ਜਿਨ੍ਹਾਂ ਦੀ ਆਯੂ ਅਠਾਰਾਂ (18) ਸਾਲ ਜਾਂ ਇਸ ਤੋਂ ਉਪਰ ਹੈ ਉਹ ਹੀ ਸਿਰਫ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਸੈਨਿਕ ਕਲੋਨੀ ਦੇ ਪ੍ਰਬੰਧਕ ਕਮੇਟੀ ਦੀ ਚੋਣ ਵਿਚ ਸ਼ਾਮਲ ਹੋ ਸਕਦੇ ਹਨ।

## ਨਵੀਂ ਕਮੇਟੀ ਦੀ ਚੋਣ

ਸਮੇਂ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਆਪਣੀ ਪ੍ਰਬੰਧਕ ਕਮੇਟੀ ਦੀ ਮਿਆਦ ਪੂਰੀ ਹੋਣ ਤੋਂ ਇਕ ਮਹੀਨਾ ਪਹਿਲਾਂ ਗੁਰਦੁਆਰਾ ਸਾਹਿਬ ਵਿਚ ਸਾਧ ਸੰਗਤ ਦੇ ਸਨਮੁਖ ਹੋ ਕੇ ਆਪਣੀ ਕਮੇਟੀ ਦੇ ਕਾਰਜ - ਕਾਲ ਮੁਕੱਤ ਕਰ ਦੇਣ ਬਾਰੇ ਸੰਗਤ ਨੂੰ ਸੂਚਿਤ ਕਰਨਗੇ ਤਾਂ ਜੋ ਸਮੇਂ ਦੀ ਸਲਾਹਕਾਰ ਕਮੇਟੀ ਅਤੇ ਸੰਗਤ ਨੂੰ ਨਵਾਂ ਯੋਗ ਪ੍ਰਧਾਨ ਚੁਣਨ ਲਈ ਸਮਾਂ ਮਿਲ ਜਾਏ ।

ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਨੂੰ ਮੰਨਾਕੇ ਕੀਤੀ ਜਾਵੇਗੀ। ਇਸ ਗੁਰਪੂਰਬ ਨੂੰ ਮਨਾਉਣ ਤੋਂ ਬਾਦ ਜਾਣ ਵਾਲੀ ਪ੍ਰਬੰਧਕ ਕਮੇਟੀ, ਗੁਰਦੁਆਰਾ ਸਾਹਿਬ ਦੇ ਵਡੇ ਖਰਚੇ ਵਾਲੇ ਕੰਮ ਦਾ ਫੈਸਲਾ ਨਾ ਲੈਣ ।

**ਚੈਅਰਮੈਨ (ਸਲੈਕਸ਼ਨ/ਇਲੈਕਸ਼ਨ)**- ਸੰਗਤ ਦੀ ਬਹੁਸਮਤੀ ਨਾਲ ਗੁ: ਪ੍ਰ: ਕਮੇਟੀ ਦੇ ਨਵੇਂ ਪ੍ਰਧਾਨ ਦੀ ਚੋਣ ਕਰਾਉਣ ਵਾਸਤੇ ਚੈਅਰਮੈਨ ਚੁਣਿਆ ਜਾਵੇਗਾ। ਚੋਣ ਦੇ ਕਾਰਜ ਨੂੰ ਨਿਬਾਉਣ ਲਈ ਉਹ ਲੌੜ ਅਨੁਸਾਰ ਸੈਨਿਕ ਕਲੈਨੀ ਦੀ ਸੰਗਤ ਵਿਚੋਂ ਹੋਰ ਵਿਕਤੀਆਂ ਦੀ ਮਦਦ ਲੈ ਸਕਦਾ ਹੈ। ਇਹ ਵਿਕਤੀ ਸਮੇਂ ਦੇ ਗੁ: ਪ੍ਰ: / ਸਲਾਹਕਾਰ ਕਮੇਟੀ ਵਿਚੋਂ ਨਾ ਹੋਣ। ਚੈਅਰਮੈਨ ਅਪਨੇ ਵੋਟ ਦਾ ਹਕ ਸਿਰਫ ਟਾਈ ਹਾਲਤ ਵਿਚ ਹੀ ਕਰ ਸਕਦਾ ਹੈ। ਚੋਣ ਦੀ ਘੋਸ਼ਣਾ ਤੋਂ ਬਾਦ ਉਹ ਸੇਵਾ ਮੁੱਕਤ ਸਮਝਿਆ ਜਾਵੇਗਾ।



Sant Mela Singh ... Ram
Dhiana Ashram, Jammu

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੈਨਿਕ ਕਲੋਨੀ ਦੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਦੀ ਵਿੱਧੀ

Gurudwara ... Sainik Colony
Date
ਪੰਨਾ ਨੰ: 6

ਗੁਰਦੁਆਰਾ ਸਾਹਿਬ ਦੇ ਪ੍ਰਧਾਨ ਦੇ ਚੋਣ ਦੀ ਜ਼ਿਮੇਵਾਰੀ ਮੌਜੂਦਾ ਸਲਾਹਕਾਰ ਕਮੇਟੀ ਦੀ ਇਸ ਪ੍ਰਕਾਰ ਹੋਵੇਗੀ :-

(ੳ) ਪ੍ਰਬੰਧਕ ਕਮੇਟੀ ਦੇ ਕਾਰਜ-ਕਾਲ ਮੁਕਤ ਹੋਣ ਦੀ ਘੋਸ਼ਣਾਂ ਤੋਂ ਤੁਰੰਤ ਬਾਦ ਆਪਣੇ ਸਾਰੇ ਮੈਂਬਰਾਂ ਦੀ ਬੈਠਕ ਬੁਲਾ ਕੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਦੀ ਮਿਤੀ ਅਤੇ ਹੋਰ ਸਾਰੀਆਂ ਡੀਟੇਲਜ਼ ਬਣਾਉਣਗੇ।

(ਅ) ਸਲਾਹਕਾਰ ਕਮੇਟੀ ਦੇ ਚੇਅਰਮੈਨ, ਪ੍ਰਧਾਨ ਦੀ ਚੋਣ ਦੀ ਮਿਥੀ ਗਈ ਤਿੱਥੀ ਬਾਰੇ ਗੁਰਦੁਆਰਾ ਸਾਹਿਬ ਦੀ ਸਟੇਜ ਰਾਹੀ ਸਗੰਤ ਨੂੰ ਸੂਚਨਾ ਦੇਣਗੇ।

(ੲ) ਇਸ ਕਾਰਵਾਈ ਬਾਰੇ ਗੁਰਦੁਆਰਾ ਸਾਹਿਬ ਦੇ ਨੋਟਿਸ ਬੋਰਡ ਰਾਹੀਂ ਲਿਖਤ ਰੂਪ ਵਿਚ ਵੀ ਸੰਗਤਾਂ ਨੂੰ ਸੂਚਿਤ ਕੀਤਾ ਜਾਵੇਗਾ । ਜਿਨ੍ਹਾਂ ਵਿਚ ਹੇਠ ਲਿਖੀਆਂ ਸੂਚਨਾਵਾਂ ਹੋਣਗੀਆਂ :-

1) ਇਲੈਕਸ਼ਨ ਦੀ ਤਿੱਥੀ

2) ਉਮੀਦਵਾਰਾਂ ਦੇ ਨਾਮ ਆਉਣ ਦੀ ਆਖਰੀ ਤਿੱਥੀ

3) ਉਮੀਦਵਾਰਾਂ ਦੇ ਨਾਮ ਵਾਪਸ ਲੈਣ ਦੀ ਆਖਰੀ ਤਿੱਥੀ

4) ਉਮੀਦਵਾਰਾਂ ਦੇ ਨਾਮਾਂ ਦੀ ਸੂਚੀ

ਇਸੀ ਦੌਰਾਨ ਸਮੇਂ ਅਗਰ ਇਕੋ ਹੀ ਉਮੀਦਵਾਰ ਦਾ ਨਾਮ ਰਹਿ ਜਾਂਦਾ ਹੈ ਉਸ ਨੂੰ ਸਲਾਹਕਾਰ ਕਮੇਟੀ ਦੇ ਚੇਅਰਮੈਨ ਗੁਰਦੁਆਰਾ ਸਾਹਿਬ ਵਿਖੇ ਸੰਗਤ ਸਾਹਮਣੇ ਨਵੇਂ ਪ੍ਰਧਾਨ ਦੇ ਚੁਣੇ ਜਾਣ ਦੀ ਘੋਸ਼ਣਾ ਕਰਨਗੇ।

ਅਗਰ ਇਕ ਤੋਂ ਵੱਧ ਉਮੀਦਵਾਰਾਂ ਦੇ ਨਾਮ ਪ੍ਰਧਾਨ ਦੀ ਸੇਵਾ ਲਈ ਰਹਿ ਜਾਂਦੇ ਹਨ ਤਾਂ ਸਲਾਹਕਾਰ ਕਮੇਟੀ ਦੁਆਰਾ ਚੋਣ ਇਸ ਤਰ੍ਹਾਂ ਕੀਤੀ ਜਾਵੇਗੀ :-

(ੳ) ਸਲਾਹਕਾਰ ਕਮੇਟੀ ਦੇ ਪੂਰੇ ਮੈਂਬਰ ਜਿਨ੍ਹਾਂ ਦੀ ਗਿਣਤੀ ਪੰਜ (5) ਹੈ ਲਾਜ਼ਮੀ ਹਾਜ਼ਰ ਹੋਣਗੇ।



Sant Mela Singh Technical Ashram
Digiana Ashram, Jammu

(ਅ) ਇਨ੍ਹਾਂ ਉਮੀਦਵਾਰਾਂ ਦੇ ਨਾਮ ਚੇਅਰਮੈਨ ਰਾਹੀਂ ਸੰਗਤ ਵਿਚ ਪ੍ਰਵਾਨਗੀ ਲਈ ਰੱਖੇ ਜਾਣਗੇ। ਜਿਸ ਵੀ ਉਮੀਦਵਾਰ ਨੂੰ ਹਾਜ਼ਰ ਸੰਗਤ ਦੀ ਬਹੁਸੰਮਤੀ ਪ੍ਰਾਪਤ ਹੋਵੇਗੀ, ਉਸ ਉਮੀਦਵਾਰ ਨੂੰ ਨਵਾਂ ਪ੍ਰਧਾਨ ਨਿਯੁਕਤ ਸਮਝਇਆ ਜਾਵੇਗਾ ਅਤੇ ਜੈਕਾਰੇ ਰਾਹੀਂ ਸੰਗਤ ਦੀ ਪ੍ਰਵਾਨਗੀ ਪ੍ਰਾਪਤ ਕੀਤੀ ਜਾਵੇਗੀ।

ਕੋਈ ਵੀ ਵਿਅਕਤੀ ਲਗਾਤਾਰ ਦੋ ਵਾਰ ਤੋਂ ਜਿਆਦਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੈਨਿਕ ਕਲੋਨੀ ਦੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਲਈ ਨਹੀਂ ਚੁਣਿਆ ਜਾਂਵੇਗਾ।

## ਸਲਾਹਕਾਰ ਕਮੇਟੀ ਦੇ ਮੈਂਬਰਾਂ ਦੀ ਚੋਣ ਦੀ ਵਿਧੀ

ਸਲਾਹਕਾਰ ਕਮੇਟੀ ਦੇ ਮੈਂਬਰਾਂ ਦੀ ਚੋਣ ਇਸ ਪ੍ਰਕਾਰ ਕੀਤੀ ਜਾਵੇਗੀ :-

(ੳ) ਪੰਜ (05) ਮੈਂਬਰੀ ਕਮੇਟੀ ਜੋ ਇਸ ਪ੍ਰਕਾਰ ਹੋਵੇਗੀ :-

1) ਸਮੇਂ ਦੇ ਸਲਾਹਕਾਰ ਕਮੇਟੀ ਦੇ ਚੇਅਰਮੈਨ

2) ਸਮੇਂ ਦੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ

3) ਦੋ (2) ਸਾਬਕਾ ਪ੍ਰਬੰਧਕ ਕਮੇਟੀਆਂ ਦੇ ਪ੍ਰਧਾਨ। ਅਗਰ ਕਿਸੇ ਕਾਰਨ ਵਸ਼ ਸਾਬਕਾ ਪ੍ਰਧਾਨ ਨਾ ਮਿਲ ਸਕਣ ਤਾਂ ਕਿਸੇ ਧਾਰਮਿਕ ਰੁੱਚੀ ਰੱਖਣ ਵਾਲੇ ਵਿਅਕਤੀਆਂ ਨੂੰ ਲਿਆ ਜਾ ਸਕਦਾ ਹੈ।

4) ਇਕ ਧਾਰਮਿਕ ਰੁਚੀ ਰੱਖਣ ਵਾਲੀ ਬੀਬੀ ਜੀ।

ਇਹ ਪੰਜ (5) ਮੈਂਬਰੀ ਕਮੇਟੀ ਗੁਰਦੁਆਰਾ ਸਾਹਿਬ ਦੀ ਹਦੂਦ ਨੂੰ ਮੁਖ ਰੱਖਦਿਆ ਹੋਏ ਯੋਗ ਪੰਜ (5) ਮੈਂਬਰਾਂ ਦੀ ਸਲਾਹਕਾਰ ਕਮੇਟੀ ਚੁਨਣਗੇ । ਇਨ੍ਹਾਂ ਪੰਜ (5) ਮੈਂਬਰਾਂ ਵਿਚ ਇਕ (01) ਬੀਬੀਆਂ ਦਾ ਹੋਣਾ ਲਾਜ਼ਮੀ ਹੈ।

(ਅ) ਇਹ 5 ਮੈਂਬਰਾਂ ਦੀ ਸਲਾਹਕਾਰ ਕਮੇਟੀ ਸ਼ਪਤ ਲੈਣ ਤੋਂ ਬਾਦ ਸੱਤ (7) ਦਿਨਾਂ ਦੇ ਅੰਦਰ ਅੰਦਰ ਆਪਣਾ ਚੇਅਰਮੈਨ ਚੁਨਣਗੇ।

(ੲ) ਨਵੀ ਸਲਾਹਕਾਰ ਕਮੇਟੀ ਚੁਣੇ ਜਾਣੋਂ ਬਾਦ,ਇਹ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਖ਼ਤਿਆਰਾਤ ਤੋਂ ਬਾਹਰ ਹੋਵੇਗੀ ਅਤੇ ਸਲਾਹਕਾਰ ਕਮੇਟੀ ਦੀਆਂ ਸੇਵਾਵਾਂ ਨਿਭਾਵੇਗੀ।



Sant Mela Singh Technical Ashram
Digiana Ashram, Jammu

Gurudwara Sri Guru Singh Sabha Jammu
24.9.2017

(ਸ) ਸਲਾਹਕਾਰ ਕਮੇਟੀ ਦਾ ਚੇਅਰਮੈਨ ਲਗਾਤਾਰ ਦੋ ਟੈਨੂਅਰ ਚੁਣੇ ਜਾਣ ਤੋਂ ਬਾਦ ਤੀਸਰੀ ਵਾਰ ਇਸ ਕਾਰਜ ਲੲੀ ਨਹੀਂ ਚੁਣਿਆ ਜਾਵੇਗਾ ।

(ਹ) ਨਵੀਂ ਸਲਾਹਕਾਰ ਕਮੇਟੀ ਦੇ ਪੁਨਰਗਠਨ ਤੋਂ ਬਾਦ ਸਮੇਂ ਦੇ ਪਹਿਲੀ ਸਲਾਹਕਾਰ ਕਮੇਟੀ ਦੇ ਚੇਅਰਮੈਨ ਅਤੇ ਮੈਂਬਰਾਂ ਨੂੰ ਆਪਣੀ ਜ਼ਿਮੇਵਾਰੀ ਤੋਂ ਮੁਕਤ ਸਮਝਿਆ ਜਾਵੇਗਾ। ਢਾਈ ਸਾਲ ਦੇ ਕਾਰਜ-ਕਾਲ ਦੀ ਮਿਆਦ ਦੀ ਕੋਈ ਬੰਦਸ਼ ਨਹੀਂ ਹੋਵੇਗੀ।

## ਸਲਾਹਕਾਰੀ ਕਮੇਟੀ ਦੀਆਂ ਜ਼ਿਮੇਵਾਰੀਆਂ

(ੳ) ਇਹ ਕਮੇਟੀ ਗੁਰਦੁਆਰਾ ਸਾਹਿਬ ਦੇ ਹਰ ਕੰਮ ਕਾਜ ਤੇ ਪੂਰੀ ਨਜ਼ਰ ਅਤੇ ਜਾਣਕਾਰੀ ਰੱਖੇਗੀ। ਕਿਸੇ ਕਿਸਮ ਦੀ ਉਣਤਾਈ ਜਾਂ ਵਾਧੇ ਘਾਟੇ ਲਈ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰਕੇ ਉਸ ਦੀ ਪੂਰਤੀ ਲਈ ਯਤਨ ਕਰੇਗੀ।

(ਅ) ਕਿਸੇ ਵਿਅਕਤੀ ਜਾਂ ਵਿਅਕਤੀਆਂ ਵਲੋਂ ਪ੍ਰਬੰਧਕ ਕਮੇਟੀ ਜਾਂ ਇਸ ਦੇ ਕਿਸੀ ਮੈਂਬਰ ਪ੍ਰਤੀ ਕੋਈ ਸ਼ਿਕਾਇਤ ਲਿਖਤ ਰੂਪ ਵਿਚ ਆਏ ਤਾਂ ਪ੍ਰਬੰਧਕ ਕਮੇਟੀ ਨੂੰ ਇਸ ਬਾਰੇ ਸੂਚਿਤ ਕਰਨਗੇ ਅਤੇ ਉਸ ਦਾ ਜਲਦੀ ਤੋਂ ਜਲਦੀ ਹੱਲ ਕੱਢਣ ਦਾ ਯਤਨ ਕਰਨਗੇ ।

(ੲ) ਜੇ ਕੋਈ ਵਿਅਕਤੀ ਗੁਰਦੁਆਰਾ ਸਾਹਿਬ ਦੇ ਸੰਚਾਰੂ ਢੰਗ ਵਿਚ ਰੋੜਾ ਅਟਕਾਉਣ ਜਾਂ ਗੁਰਦੁਆਰਾ ਸਾਹਿਬ ਵਿਖੇ ਕਿਸੇ ਕਿਸਮ ਦੀ ਬੇਅੱਦਬੀ ਕਰਨ ਦਾ ਯਤਨ ਕਰੇ ਤਾਂ ਸਲਾਹਕਾਰ ਕਮੇਟੀ ਉਹਨਾਂ ਪ੍ਰਤੀ ਯੋਗ ਕਾਰਵਾਈ ਕਰਨ ਦਾ ਹੱਕ ਰੱਖਦੀ ਹੈ।

(ਸ) ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਵਿਰੁੱਧ ਆਈ ਲਿਖਤ ਰੂਪ ਵਿਚ ਸ਼ਿਕਾਇਤ ਦੀ ਨਿਰਪੱਖ ਪੜਤਾਲ ਉਪਰੰਤ ਅਗਰ ਦੋਸ਼ੀ ਹੋਣ ਦੇ ਪੁਖਤਾ ਸਬੂਤ ਮਿਲਦੇ ਹਨ ਤਾਂ ਇਹ ਸਲਾਹਕਾਰ ਕਮੇਟੀ ਆਪਣੀ ਦੋ ਤਿਹਾਈ (2/3) ਬਹੁ ਸੰਪਤੀ ਨਾਲ ਪ੍ਰਧਾਨ ਨੂੰ ਸੇਵਾ ਮੁਕਤ ਕਰਨ ਦਾ ਅਧਿਕਾਰ ਰੱਖਦੀ ਹੈ।

(ਹ) ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇ ਪ੍ਰਧਾਨ ਦੀ ਚੋਣ ਦੀ ਜ਼ਿਮੇਵਾਰੀ ਨਿਭਾਉਣਗੇ।



Sant Mela Singh Technical Ashram
Digiana Ashram, Jammu

Gurudwara Sri Guru Singh Sabha
24.9.2012
Date
Salnik Colony, Jammu

## ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ ਦੀਆਂ ਜ਼ਿਮੇਵਾਰੀਆਂ

(ੳ) ਪ੍ਰਧਾਨ

(1) ਪ੍ਰਧਾਨ ਪ੍ਰਬੰਧਕ ਕਮੇਟੀ ਦੇ ਮੁਖ ਸੇਵਾਦਾਰ ਹੋਣਗੇ ਅਤੇ ਸਮੁਚੇ ਪ੍ਰਬੰਧ ਦੀ ਦੇਖ ਰੇਖ ਲਈ ਜ਼ਿਮੇਵਾਰ ਹੋਣਗੇ। ਉਹ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਸਬੰਧੀ ਅਤੇ ਪ੍ਰਬੰਧਕ ਕਮੇਟੀ ਦੇ ਹਰ ਕੰਮ ਲਈ ਸੰਗਤ ਅੱਗੇ ਉਤਰਦਾਈ ਹੋਣਗੇ।

(2) ਗੁਰਦੁਆਰਾ ਸਾਹਿਬ ਦੇ ਪ੍ਰਬੰਧ ਸਬੰਧੀ ਕਿਸੇ ਇਕ ਕੰਮ ਤੇ ਇਕ ਮਹੀਨੇ ਵਿਚ ਵੱਧ ਤੋਂ ਵੱਧ ਤੀਹ ਹਜ਼ਾਰ (30,000/-) ਰੁਪਏ ਖ਼ਰਚ ਕਰ ਸਕਦੇ ਹਨ। (ਇਹ ਖ਼ਰਚ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਅਤੇ ਮੁਲਾਜ਼ਮਾਂ ਦੀ ਤਨਖਾਵਾਂ ਤੋਂ ਇਲਾਵਾ ਹੋਵੇਗੀ।)

(3 ) ਪ੍ਰਧਾਨ ਸਮੁੱਚੇ ਗੁਰਦੁਆਰਾ ਸਾਹਿਬ ਦੀ ਉਨੱਤੀ , ਉਸਾਰੀ ਅਤੇ ਧਾਰਮਿਕ ਪ੍ਰੋਗਰਾਮਾਂ ਸਬੰਧੀ ਸਾਰੇ ਹੀ ਪ੍ਰਬੰਧਕਾਂ ਨੂੰ ਪ੍ਰੇਰਨਾ ਦੇਂਦੇ ਰਹਿਣਗੇ।

(4) ਗੁਰਦੁਆਰਾ ਸਾਹਿਬ ਦੀ ਉਸਾਰੀ ਲਈ ਕੋਈ ਵੱਡੀ ਖਰੀਦ ਫਰੋਖਤ ਵਿਚ ਪ੍ਰਬੰਧਕ ਕਮੇਟੀ ਦੀ ਬਹੁ ਸੰਮਤੀ ਅਤੇ ਲਿਖਤੀ ਪ੍ਰਵਾਨਗੀ ਲੈਣੀ ਜ਼ਰੂਰੀ ਹੈ। ਇਸ ਵੱਡੀ ਖਰੀਦਾਰੀ ਵਿਚ ਘੱਟ ਤੋਂ ਘੱਟ ਤਿੰਨ ਪ੍ਰਬੰਧਕ ਮੈਂਬਰਾਂ ਦੀ ਖਰੀਦ ਕਮੇਟੀ ਦੀ ਨਿਯੁਕਤੀ ਲਾਜ਼ਮੀ ਹੈ ਅਤੇ ਇਸ ਨੂੰ ਹਰ ਵੱਡੀ ਖਰੀਦਦਾਰੀ ਸਮੇਂ ਬਦਲਿਆ ਜਾਵੇ।

(5) ਪ੍ਰਧਾਨ ਗੁਰਦੁਆਰਾ ਸਾਹਿਬ ਦੇ ਕਿਸੇ ਅਹੁਦੇਦਾਰ ਜਾਂ ਮੁਲਾਜ਼ਮ ਨੂੰ ਉਸ ਦੇ ਆਚਰਣ , ਗੈਰ ਹਾਜ਼ਰੀ ਜਾਂ ਮਿੱਥੀ ਹੋਈ ਮਰਯਾਦਾ ਦੇ ਉਲਟ ਕੰਮ ਕਰਨ ਦੇ ਕਾਰਣ ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰਾਂ ਦੀ ਬਹੁ ਸੰਮਤੀ ਦਾ ਭਰੋਸਾ ਲੈ ਕਿ ਉਸ ਨੂੰ ਇਕ ਮਹੀਨੇ ਦਾ ਨੋਟਿਸ ਦੇ ਕੇ ਬਰਖ਼ਾਸਤ ਕਰ ਸਕਦੇ ਹਨ। ਇਸ ਤੋਂ ਇਲਾਵਾ ਅਗਰ ਕੋਈ ਲਿਟੀਗੇਸ਼ਨ, ਮੁਕੱਦਮਾ ਸਰਕਾਰੀ /ਗੈਰ ਸਰਕਾਰੀ ਕਿਸੇ ਦਫ਼ਤਰ ਵਿਚ ਚਲ ਰਿਹਾ ਹੋਵੇ, ਉਸ ਨੂੰ ਨਿਪਟਾਉਣ ਦੀ ਜ਼ਿਮੇਵਾਰੀ ਇਨ੍ਹਾਂ ਦੀ ਹੈ ਜਾਂ ਕਿਸੇ ਰਾਹੀਂ ਕਰਵਾ ਸਕਦੇਂ ਹਨ।



Sant Mela Singh, Technical Ashram,
Dilbagh Ashram, Jammu

Gurudwara Sri Guru Singh Sabha
Date 24.9.2012
ਪੰਨਾ ਨੰ: 10
Salnik Colony, Jammu

(ਓ) ਪ੍ਰਧਾਨ ਮੁਲਾਜ਼ਮਾਂ ਦੀਆਂ ਤਨਖਾਹਵਾਂ ਨਿਯੁਕਤ ਕਰਨ ਅਤੇ ਵਧਾਉਣ ਸਮੇਂ ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰਾਂ ਨਾਲ ਸਲਾਹ ਮਸ਼ਵਰਾ ਕਰਕੇ ਬਹੁ-ਸੰਮਤੀ ਦਾ ਭਰੋਸਾ ਲੈ ਕਿ ਨਿਯੁਕਤ / ਵਧਾਉਣ ਦਾ ਨਿਰਣਾ ਲੈ ਸਕਦੇ ਹਨ।

## (ਅ) ਸੀਨੀਅਰ ਮੀਤ ਪ੍ਰਧਾਨ

(1) ਸੀਨੀਅਰ ਮੀਤ ਪ੍ਰਧਾਨ ਸਾਰੇ ਕੰਮਾਂ ਲਈ ਪ੍ਰਧਾਨ ਦੀ ਮਦਦ ਕਰੇਗਾ।

(2) ਪ੍ਰਧਾਨ ਦੀ ਗੈਰ ਮੌਜੂਦਗੀ ਵਿਚ ਉਨ੍ਹਾਂ ਦੇ ਸਾਰੇ ਕੰਮ ਕਾਜ ਦੀ ਜ਼ਿਮੇਵਾਰੀ ਸੀਨੀਅਰ ਮੀਤ ਪ੍ਰਧਾਨ ਦੀ ਹੋਵੇਗੀ।

(3) ਗੁਰਦੁਆਰਾ ਸਾਹਿਬ ਵਿਖੇ ਚਲ ਰਹੇ ਸਾਰੇ ਇਮਾਰਤ ਦੇ ਕੰਮ ਦੀ ਦੇਖ ਭਾਲ ਕਰਨ ਦੀ ਉਨ੍ਹਾਂ ਦੀ ਜ਼ਿਮੇਵਾਰੀ ਹੋਵੇਗੀ।

(4) ਸਾਰੇ ਧਰਮ ਪ੍ਰਚਾਰ ਅਤੇ ਹੋਰ ਸਮਾਜਿਕ ਭਲਾਈ ਦੇ ਕੰਮਾਂ ਦੀ ਜ਼ਿਮੇਵਾਰੀ ਉਨ੍ਹਾਂ ਦੀ ਹੋਵੇਗੀ। ਇਸ ਲਈ ਨਿਯਮਾਂ ਅਤੇ ਉਪ ਨਿਯਮਾਂ ਦੇ ਅਖੀਰ ਵਿਚ ਉਨ੍ਹਾਂ ਦੀ ਸਹਾਇਤਾ ਅਤੇ ਸੇਧ ਲਈ ਲਿਖਤ ਰੂਪ ਵਿਚ ਆਪੈਨਡਿਕਸ (ੳ) ਦੇ ਰਾਹੀਂ ਕੁਝ ਸੁਝਾਉ ਦਿੱਤੇ ਗਏ ਹਨ।

## (ੲ) ਮੀਤ ਪ੍ਰਧਾਨ

(1) ਉਹ ਸੀਨੀਅਰ ਮੀਤ ਪ੍ਰਧਾਨ ਦੇ ਕੰਮ ਕਾਜ ਵਿਚ ਪੂਰਾ ਸਹਿਯੋਗ ਦੇਣਗੇ।

(2) ਸੀਨੀਅਰ ਮੀਤ ਪ੍ਰਧਾਨ ਦੇ ਮੌਜੂਦ ਨਾ ਹੋਣ ਦੀ ਸਥਿਤੀ ਵਿਚ ਉਹ ਸੀਨੀਅਰ ਮੀਤ ਪ੍ਰਧਾਨ ਦੇ ਸਾਰੇ ਕੰਮ ਕਾਜ ਦੀ ਦੇਖ ਭਾਲ ਦੇ ਜ਼ਿਮੇਵਾਰ ਹੋਣਗੇ।

Sant Mela Singh … Pipline Ashram, Jammu

(3) ਉਹ ਗੁਰਦੁਆਰਾ ਸਾਹਿਬ ਦੀ ਚਾਰ ਦੁਆਰੀ ਅੰਦਰ ਸਾਰੀ ਗੁਰਦੁਆਰਾ ਸਾਹਿਬ ਦੀ ਪ੍ਰਾਪਟੀ ਖਾਸ ਤੌਰ ਤੇ ਗੁਰੂ ਗ੍ਰੰਥ ਦੇ ਸਰੂਪ /ਗੋਲਕ/ਸਟੋਰ/ ਜਨਰੇਟਰ ਅਤੇ ਹੋਰ ਵਸਤੂਆਂ ਦੀਆਂ ਸੁਰੱਖਿਆ /ਰੱਖਿਆ ਦੇ ਜ਼ਿਮੇਵਾਰ ਹੋਣਗੇ ।

(5) ਉਹ ਗੁਰਦੁਆਰਾ ਸਾਹਿਬ ਦੇ ਬਗੀਚੇ ਦੀ ਦੇਖ ਭਾਲ ਦੀ ਜ਼ਿਮੇਵਾਰੀ ਨੂੰ ਵੀ ਨਿਭਾਉਣਗੇ।

## (ਸ) ਜਰਨਲ ਸਕੱਤਰ

(1) ਜਰਨਲ ਸਕੱਤਰ ਪ੍ਰਧਾਨ ਦੇ ਹਰ ਕੰਮ ਵਿਚ ਪੂਰਨ ਸਹਿਯੋਗੀ ਹੋਵੇਗਾ ਅਤੇ ਸਟੇਜ ਸੰਭਾਲਣ ਅਤੇ ਮੀਟਿੰਗਾਂ ਆਦਿ ਬੁਲਾਉਣ ਦੇ ਜ਼ਿਮੇਵਾਰ ਹੋਣਗੇ।

(2) ਜਰਨਲ ਸਕੱਤਰ ਸਮੁੱਚੇ ਗੁਰਦੁਆਰਾ ਸਾਹਿਬ ਦੀ ਉਨੱਤੀ ਅਤੇ ਪ੍ਰੋਗਰਾਮਾਂ ਸਬੰਧੀ ਜ਼ਿਮੇਂਵਾਰ ਹੋਣਗੇ।

(3) ਜਰਨਲ ਸਕੱਤਰ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਅਤੇ ਹਰ ਕਾਰਵਾਈ ਨੂੰ ਲਿਖਤੀ ਰੂਪ ਵਿਚ ਰਿਕਾਰਡ ਕਰਕੇ ਸਮੇਂ ਸਮੇਂ ਸਿਰ ਪ੍ਰਬੰਧਕਾਂ , ਮੈਂਬਰਾਂ ਅਤੇ ਸੰਗਤ ਨੂੰ ਸੂਚਿਤ ਕਰਦੇ ਰਹਿਣਗੇ।

(4) ਜਰਨਲ ਸਕੱਤਰ ਗੁਰਦੁਆਰਾ ਸਾਹਿਬ ਦੀ ਧਾਰਮਿਕ ਸਟੇਜ ਨੂੰ ਕਿਸੇ ਵੀ ਰਾਜਨੀਤਿਕ ਪਾਰਟੀ ਜਾਂ ਵਿਅਕਤੀ ਪੱਖ ਲਈ ਨਹੀਂ ਵਰਤਣਗੇ ਅਤੇ ਨਾ ਖੁਦ ਵਰਤਣਗੇ। ਸਟੇਜ ਦੀ ਵਰਤੋਂ ਕੋਈ ਵੀ ਵਿਅਕਤੀ ਪ੍ਰਧਾਨ/ ਜਰਨਲ ਸਕੱਤਰ ਦੀ ਇਜ਼ਾਜਤ ਤੋਂ ਬਗੈਰ ਨਹੀਂ ਕਰ ਸਕਦਾ।

## (ਹ) ਮੀਤ ਸਕੱਤਰ

ਜਰਨਲ ਸਕੱਤਰ ਦੀ ਗੈਰ-ਮੌਜ਼ੂਦਗੀ ਵਿਚ ਮੀਤ ਸਕੱਤਰ ਉਸ ਦੀਆਂ ਸਾਰੀਆਂ ਜ਼ਿਮੇਵਾਰੀਆਂ ਨਿਭਾਉਣਗੇ।

Sant Nela Singh Technical Ashram
Digiana Ashram, Jammu

(ਕ ) ਖਜ਼ਾਨਚੀ

(1) ਖਜ਼ਾਨਚੀ ਗੁਰਦੁਆਰਾ ਸਾਹਿਬ ਵਿਚ ਕੈਸ਼ ਦਾ ਸਾਰਾ ਕੰਮ ਸੰਭਾਲਣਗੇ। ਮੁਲਾਜ਼ਮਾਂ ਦੀਆਂ ਤਨਖਾਹ ਆਦਿ ਦਾ ਭੁਗਤਾਨ, ਹਰ ਰੋਜ ਕੈਸ਼ ਬੁੱਕ, ਲੈਜ਼ਰ ਲਿਖਣੀ, ਰਸੀਦ ਬੁੱਕਾਂ ਦਾ ਪੂਰਾ ਵੇਰਵਾ, ਕੈਸ਼ ਸਬੰਧੀ ਚਿੱਠੀ ਪੱਤਰ ਫਾਇਲ ਕਰਨਾ, ਵੋਚਰ ਆਦਿ ਤਰਤੀਬਵਾਰ ਰੱਖਣੇ ਦੇ ਜ਼ਿਮੇਵਾਰ ਹੋਣਗੇ ।

(2) ਗੁਰਦੁਆਰਾ ਸਾਹਿਬ ਸਬੰਧੀ ਸਾਰੀ ਆਮਦਨ ਜੋ ਮੈਨੇਜਰ ਜਾਂ ਹੋਰ ਕੋਈ ਮੁਲਾਜ਼ਮ ਰਸੀਦ ਰਾਹੀਂ ਕਟੇਗਾ ਰੋਜਾਨਾ ਖਜ਼ਾਨਚੀ ਕੋਲ ਜਮਾਂ ਕਰਾਉਣਗੇ ।ਜਮਾ ਰਾਸ਼ੀ ਵਿਚੋਂ 5000/- ਰੁਪਏ ਤੋਂ ਵੱਧ ਰਕਮ ਦੋ ਦਿਨਾਂ ਦੇ ਅੰਦਰ ਅੰਦਰ ਖਜ਼ਨਚੀ ਬੈਕ ਵਿਚ ਗੁਰਦੁਆਰਾ ਸਾਹਿਬ ਦੇ ਖਾਤੇ ਵਿਚ ਜਮਾਂ ਕਰਾਉਗੇ।

(3) ਖਜ਼ਾਨਚੀ ਹਰ ਮਹੀਨੇ ਗੁਰਦੁਆਰਾ ਸਾਹਿਬ ਦੀ ਆਮਦਨ ਅਤੇ ਖਰਚੇ ਦਾ ਵੇਰਵਾ ਸੰਗਤ ਦੀ ਜਾਣਕਾਰੀ ਲਈ ਨੋਟਿਸ ਬੋਰਡ ਤੇ ਲਗਾਉਣਗੇ ।

(4) ਖਜ਼ਾਨਚੀ ਗੁਰਦੁਆਰਾ ਸਾਹਿਬ ਵਿਖੇ ਜੋ ਵੀ ਖਰਚਾ ਕੀਤਾ ਜਾਵੇ ਉਸ ਦਾ ਬਿੱਲ /ਵੋਚਰ ਪ੍ਰਧਾਨ , ਜਰਨਲ ਸਕੱਤਰ ਅਤੇ ਆਪਣੇ ਹਸਤਾਖਸ਼ਰ ਮਗਰੋਂ ਨਿਯਮ ਅਨੁਸਾਰ ਕੈਸ਼ ਬੁੱਕ ਅਤੇ ਲੈਜ਼ਰ ਵਿਚ ਦਰਜ ਕਰਨਗੇ।

(5) ਗੁਰਦੁਆਰਾ ਸਾਹਿਬ ਦਾ ਬੈਂਕ ਅਕਾਉਂਟ ਸਾਂਝਾ ਖਾਤੇ ਦੇ ਅਧੀਨ ਕਿਸੇ ਵੀ ਬੈਂਕ ਵਿਚ ਖੋਲਿਆ ਜਾ ਸਕਦਾ ਹੈ। ਇਹ ਖਾਤਾ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਗੁਰੂ ਸਿੰਘ ਸਭਾ ਸੈਨਿਕ ਕਲੋਨੀ ਦੇ ਨਾਮ ਤੇ ਖੋਲਿਆ ਜਾਵੇਗਾ। ਪ੍ਰਧਾਨ , ਜਰਨਲ ਸਕੱਤਰ ਅਤੇ ਖਜ਼ਾਨਚੀ ਦੇ ਦਸਤਖਤਾਂ ਨਾਲ ਸਾਂਝੇ ਰੂਪ ਵਿਚ ਹੋਵੇਗਾ। ਰਕਮ ਕੱਢਣ ਸਮੇਂ ਇਨ੍ਹਾਂ ਤਿਨ੍ਹਾਂ ਵਿਚੋਂ ਕਿਸੇ ਦੋਹਾਂ ਦੇ ਦਸਖਤਾਂ ਦਾ ਹੋਣਾ ਲਾਜਮੀ ਹੈ। ਮੁਲਾਜ਼ਮਾਂ ਦੀਆਂ ਤਨਖਾਹਾਂ ਨੂੰ ਛੱਡ ਕੇ ਬਾਕੀ ਸਾਰੀਆਂ ਪੇਮੈਂਟਸ ਜਿਥੇ ਤਕ ਹੋ ਸਕੇ (Payee Acct) ਚੈੱਕ ਰਾਹੀਂ ਕੀਤੀਆਂ ਜਾਣ। ਪ੍ਰਬੰਧਕ ਕਮੇਟੀ ਦੇ ਬਦਲਣ ਸਮੇਂ ਬੈਂਕ ਨੂੰ ਨਵੇਂ ਮੈਂਬਰ ਦੇ ਨਾਮਾਂ ਦੀ ਸੂਚਨਾ ਨਿਯਮ ਅਨੁਸਾਰ ਦੱਸਣੇ ਲਾਜ਼ਮੀ ਹਨ।

(6) ਪ੍ਰਬੰਧਕ ਕਮੇਟੀ ਖਜ਼ਾਨਚੀ ਰਾਹੀਂ ਆਪਣੇ ਸਮੇਂ ਦਾ ਲੇਖਾ ਜੋਖਾ (Audit ) ਨਿਯੁਕਤ ਕੀਤੇ ਗਏ ਲੇਖਾਕਾਰ (Auditor) ਪਾਸੋ ਜਾਂਚ ਕਰਵਾਏਗੀ ਅਤੇ ਸੰਗਤਾਂ ਵਿਚ ਵਾਧੇ ਘਾਟੇ ਦੀ ਜ਼ਿਮੇਵਾਰ ਹੋਵੇਗੀ।

(7) ਖਜਾਨਚੀ ਲੇਖਾ ਜੋਖਾ ਰੱਖਣ ਵਿਚ ਮੈਨੇਜ਼ਰ ਦੀ ਮਦਦ ਹਰ ਸਮੇਂ ਲੈ ਸਕਦੇ ਹਨ।



Sant Mela Singh Technical Ashram
Digiana Ashram, Jammu

Gurudwara Sri G... Colony, S...
24. 9. 2012
ਪੰਨਾ ਨੰ: 13

(8) ਗੁਰਦੁਆਰਾ ਸਾਹਿਬ ਦੇ ਆਕਾਉਟ ਨੂੰ ਕੰਪੀਉਟਰਾਈਜ਼ ਕਰਨ ਦਾ ਉਪਰਾਲਾ ਵੀ ਕਰਨਾ ਚਾਹੀਦਾ ਹੈ।

(9) ਅਕਾਉਂਟ ਦਾ ਕੁਵਾਟਰਲੀ ਆਡਿਟ ਕਰਵਾਇਆ ਜਾਵੇ।

(10) ਜਿਥੋਂ ਤੱਕ ਹੋ ਸਕੇ ਗੁਰਦੁਆਰਾ ਸਾਹਿਬ ਦੇ ਮੁਲਾਜ਼ਮਾਂ ਦੀਆਂ ਤਨਖ਼ਾਵਾਂ ਚੈੱਕ ਰਾਹੀਂ ਦਿੱਤੀਆਂ ਜਾਣ ।

## ਗੁਰਦੁਆਰਾ ਸਾਹਿਬ ਦੇ ਮੁਲਾਜ਼ਮਾਂ / ਸੇਵਾਦਾਰਾਂ ਦੀਆਂ ਜ਼ਿਮੇਵਾਰੀਆਂ

ਗੁਰਦੁਆਰਾ ਸਾਹਿਬ ਵਿਚ ਗ੍ਰੰਥੀ ਸਿੰਘ ਸਾਹਿਬ , ਰਾਗੀ ਸਿੰਘ ਸਾਹਿਬ , ਮੈਨੇਜਰ , ਸਟੋਰ ਇੰਨਚਾਰਜ , ਸੇਵਾਦਾਰ , ਚੌਕੀਦਾਰ , ਮਾਲੀ ਅਤੇ ਸਫਾਈ ਕਰਮਚਾਰੀ ਮੁਲਾਜ਼ਮ ਦੇ ਤੌਰ ਤੇ ਨਿਯੁਕਤ ਕੀਤੇ ਜਾਣਗੇ। ਲੋੜ ਅਤੇ ਸਮੇਂ ਅਨੁਸਾਰ ਇਨ੍ਹਾਂ ਦੀ ਗਿਣਤੀ ਵਧਾਈ ਜਾ ਘਟਾਈ ਜਾ ਸਕਦੀ ਹੈ। ਇਨ੍ਹਾਂ ਦੀ ਨਿਯੁਕਤੀ ਯੋਗਤਾ/ਗੁਣਵੰਤਾ ਦੇ ਆਧਾਰ ਤੇ ਹੋਣੀ ਚਾਹੀਦੀ ਹੈ। ਸਾਰੇ ਮੁਲਾਜ਼ਮਾਂ ਦੀ ਨਿਯੁਕਤੀ ਸਮੇਂ ਪ੍ਰਧਾਨ ਆਪਣੀ ਪ੍ਰਬੰਧਕ ਕਮੇਟੀ ਦੀ ਬਹੁ-ਸੰਮਤੀ ਵਿਚਾਰਧਾਰਾਂ ਰਾਹੀਂ ਕਰਨਗੇ।

### (ੳ) ਗ੍ਰੰਥੀ ਸਿੰਘ ਸਾਹਿਬ

ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ, ਨਿੱਤਨੇਮ ਦਾ ਪਾਠ ਕਰਕੇ ਸਵੇਰ ਦੇ ਦੀਵਾਨ ਦੀ ਸਮਾਪਤੀ ਦੀ ਅਰਦਾਸ ਕਰਕੇ ਸੰਗਤਾਂ ਨੂੰ ਉਸ ਦਿਨ ਦੇ ਮੁਖਵਾਕ ਸੁਣਾਉਣਗੇ। ਰੋਜ਼ਾਨਾ ਮਿਥੇ ਸਮੇਂ ਅਨੁਸਾਰ ਸ਼ਾਮ ਦੇ ਦੀਵਾਨ ਵਿਚ ਰਹਿਰਾਸ ਸਾਹਿਬ ਦਾ ਪਾਠ ਕਰਕੇ ਅਰਦਾਸ ਸੋਧਣ ਉਪਰੰਤ ਹੁਕਮਨਾਮਾ ਲੈ ਕਿ ਸੋਹਲੇ ਸਾਹਿਬ ਦਾ ਪਾਠ ਕਰਨਾ, ਅਰਦਾਸ ਕਰਕੇ ਸੁੱਖਆਸਨ ਦੀ ਸੇਵਾ ਕਰਨੀ। ਸਾਰੀ ਬਸਤੀ ਵਿਚ ਖੁਸ਼ੀ ਗਮੀ ਦੇ ਕਾਰਜ਼ਾਂ ਨੂੰ ਜ਼ਰੂਰਤ ਅਨੁਸਾਰ ਨਿਭਾਉਣਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਉਨ੍ਹਾਂ ਦੇ ਸ਼ਸਤਰਾਂ ਬਸਤਰਾਂ ਦੀ ਪਵਿੱਤਰਤਾ , ਸਤਿਕਾਰ ਅਤੇ ਸੱਵਛਤਾ ਦਾ ਖਾਸ ਖਿਆਲ ਅਤੇ ਸੰਭਾਲ ਰੱਖਣ ਦੇ ਜ਼ਿਮੇਵਾਰ ਹੋਣਗੇ।

### (ਅ) ਰਾਗੀ ਸਿੰਘ ਸਾਹਿਬਾਨ (ਤਿੰਨਾਂ ਦਾ ਜੱਥਾ)

ਰਾਗੀ ਸਿੰਘ ਸਾਹਿਬ ਨਿਯਤ ਕੀਤੇ ਗਏ ਸਵੇਰ ਅਤੇ ਸ਼ਾਮ ਦੇ ਦੀਵਾਨ ਵਿਚ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਦੀ ਸੇਵਾ ਨਿਭਾਉਣਗੇ। ਰਾਗੀ ਸਿੰਘ ਸਾਹਿਬ ਗ੍ਰੰਥੀ ਸਿੰਘ ਸਾਹਿਬ ਨਾਲ ਤਾਲਮੇਲ ਰੱਖ ਕੇ ਕਲੋਨੀ ਦੇ ਸਾਰੇ ਖੁਸ਼ੀ ਅਤੇ ਗਮੀ ਦੇ ਕਾਰਜਾਂ ਨੂੰ ਜ਼ਰੂਰਤ ਅਨੁਸਾਰ ਨਿਭਾਉਣਗੇ।

(ੳ) ਗ੍ਰੰਥੀ/ਰਾਗੀ ਸਿੰਘ ਸਾਹਿਬਾਨ ਸਮੁੱਚੇ ਗੁਰਦੁਆਰਾ ਸਾਹਿਬ ਦੀ ਉਨੱਤੀ ਅਤੇ ਧਾਰਮਿਕ ਪ੍ਰੋਗਰਾਮਾਂ ਦੇ ਸਬੰਧੀ ਕੰਮ ਕਰਨਗੇ।

(ਅ) ਗ੍ਰੰਥੀ /ਰਾਗੀ ਸਿੰਘ ਸਾਹਿਬਾਨ ਵਿਦੇਸ਼ ਜਾਣ ਦੇ ਸਮੇਂ ਆਪਣਾ ਅਸਤੀਫਾ ਪ੍ਰਬੰਧਕ ਕਮੇਟੀ ਨੂੰ ਦੇ ਕਿ ਜਾਣਗੇ। ਉਹ ਇਕ ਮਹੀਨਾ ਪਹਿਲਾਂ ਪ੍ਰਬੰਧਕ ਕਮੇਟੀ ਨੂੰ ਇਸ ਬਾਰੇ ਸੂਚਿਤ ਕਰਨਗੇ।



Sant Mela Singh Technical Ashra...
Diglana Ashram, Jammu

## (ੲ) ਮੈਨੇਜਰ ਸਾਹਿਬ

ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਸਹੀ ਢੰਗ ਨਾਲ ਚਲਾਣਾ ਜਿਨ੍ਹਾਂ ਵਿਚ ਗੁਰਦੁਆਰਾ ਸਾਹਿਬ ਦੇ ਸਾਰੇ ਰਿਕਾਰਡ ਵਾਲੇ ਰਜਿਸਟਰਾਂ, ਫਾਇਲਾਂ ਆਦਿ ਨੂੰ ਸੰਭਾਲ ਕੇ ਰੱਖਣਾ ਅਤੇ ਸਮੇਂ- ਸਮੇਂ ਸਿਰ ਪ੍ਰਧਾਨ/ ਸਕੱਤਰ ਪਾਸੋਂ ਹਦਾਇਤ ਮਿਲਣ ਤੇ ਕੰਮ ਕਰਨਾ। ਬਸਤੀ ਵਿਚ ਕਰਵਾਏ ਜਾ ਰਹੇ ਸ੍ਰੀ ਅਖੰਡ ਪਾਠਾਂ / ਸਹਿਜ ਪਾਠਾਂ , ਅਨੰਦ ਕਾਰਜਾਂ ਜਾਂ ਹੋਰ ਖੁਸ਼ੀ/ਗਮੀ ਦੇ ਸਮਾਗਮਾਂ ਦਾ ਪੂਰਾ- ਪੂਰਾ ਵੇਰਵਾ ਲਿਖਤੀ ਰੂਪ ਵਿਚ ਰੱਖਣਗੇ। ਗੁਰਦੁਆਰਾ ਸਾਹਿਬ ਦੇ ਮੁਲਾਜ਼ਮਾਂ ਲਈ ਹਾਜ਼ਰੀ ਰਜਿਸਟਰ ਬਣਾਉਣਾ ਅਤੇ ਉਨ੍ਹਾਂ ਦੀ ਛੁੱਟੀ ਦਾ ਪੂਰਾ ਰਿਕਾਰਡ ਰੱਖਣਗੇ। ਕੋਈ ਜ਼ਿਮੇਵਾਰੀ ਜਿਹੜੀ ਮੈਨੇਜ਼ਰ ਤੋਂ ਨਾ ਸੰਭਾਲੀ ਜਾ ਸਕਦੀ ਹੋਵੇ ਉਸ ਦੀ ਤਰੁੰਤ ਖ਼ਬਰ ਪ੍ਰਧਾਨ/ ਪ੍ਰਬੰਧਕਾਂ ਨੂੰ ਦੇਣੀ ਲਾਜ਼ਮੀ ਹੈ ਤਾਂ ਜੋ ਸਮੇਂ ਸਿਰ ਉਸ ਦਾ ਸਮਾਧਾਨ ਕੱਢਿਆ ਜਾ ਸਕੇ। ਗੁਰਦੁਆਹਾ ਸਾਹਿਬ ਦੀ ਪ੍ਰਾਪਤੀ ਦਾ ਰਿਕਾਰਡ ਸਟਾਕ ਰਜ਼ਿਸਟਰ ਵਿਚ ਤਰਤੀਬਵਾਰ ਦਰਜ ਕਰਨਾ ਅਤੇ ਸਮੇਂ ਸਮੇਂ ਸਿਰ ਅੱਪਡੇਟ ਕਰਨ ਦੇ ਜ਼ਿਮੇਵਾਰ ਹੋਣਗੇ।

## (ਸ) ਸਟੋਰ ਇੰਨਚਾਰਜ

ਗੁਰਦੁਆਰਾ ਸਾਹਿਬ ਦੇ ਸਟੋਰ ਵਿਚ ਰੱਖਣ ਵਾਲੀ ਸਾਰੀਆਂ ਵਸਤੂਆਂ ਅਤੇ ਸਮਾਨ ਦੀ ਦੇਖ ਭਾਲ, ਰੱਖ ਰਖਾਵ ਅਤੇ ਇਸ ਦਾ ਲੇਖਾ ਜੋਖਾ ਲਿਖਤ ਰੂਪ ਵਿਚ ਰੱਖਣਾ ਸਟੋਰ ਇੰਨਚਾਰਜ ਦੀ ਜ਼ਿਮੇਵਾਰੀ ਹੋਵੇਗੀ। ਸਟੋਰ ਵਿਚ ਰੱਖੀ ਹਰ ਵਸਤੂ ਸਟਾਕ ਰਜ਼ਿਸਟਰ ਤੇ ਤਰਤੀਬਵਾਰ ਦਰਜ ਹੋਣੀ ਚਾਹੀਦੀ ਹੈ। ਪ੍ਰਧਾਨ ਸਮੇਂ ਸਮੇਂ ਤੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਪਾਸੋ ਇਸ ਦੀ ਗਿਣਤੀ ਕਰਵਾਉਣ ਅਤੇ ਇਸ ਦਾ ਰਿਕਾਰਡ ਰੱਖਣਗੇ। ਪ੍ਰਬੰਧਕ ਕਮੇਟੀ ਦੇ ਕਾਰਜਕਾਲ ਖ਼ਤਮ ਹੋਣ ਤੇ ਇਕ ਮਹੀਨਾ ਪਹਿਲਾਂ ਪ੍ਰਧਾਨ ਇਕ ਬੋਰਡ ਦੁਆਰਾ ਗੁਰਦੁਆਰਾ ਸਾਹਿਬ ਦੇ ਸਟੋਰ ਵਿਚ ਸਾਰੀਆਂ ਵਸਤੂਆਂ ਅਤੇ ਸਮਾਨ ਦਾ ਲੇਖਾ ਜੋਖਾ ਕਰਵਾਉਣਗੇ ਅਤੇ ਸਟੋਰ ਲੈਜ਼ਰ ਨੂੰ ਅਪਡੇਟ ਕਰਾਉਣਗੇ।

ਗੁਰਦੁਆਂਰਾ ਸਾਹਿਬ ਤੋਂ ਸਮਾਨ ਅਤੇ ਬਰਤਨਾਂ ਆਦਿ ਦਾ ਲੈਣ ਦੇਣ ਨਿਯਤ ਕੀਤੇ ਗਏ ਸਮੇਂ ਅਨੁਸਾਰ ਹੀ ਹੋਣਾ ਚਾਹੀਦਾ ਹੈ। ਗੁਰਦੁਆਰਾ ਸਾਹਿਬ ਦੀ ਕਿਸੇ ਵੀ ਕਿਸਮ ਦੀ ਵਸਤੂ ਦੇਣ ਤੋਂ ਪਹਿਲਾਂ ਯੋਗ ਨਿਯੁਕਤ ਰਕਮ ਲੈਣੀ ਜ਼ਰੂਰੀ ਹੈ ਤਾਂ ਜੋ ਵਸਤੂਆਂ ਨੂੰ ਵਾਪਸੀ ਕਰਨ ਸਮੇਂ ਵੱਧ ਘੱਟ ਨੂੰ ਇਸ ਰਾਸ਼ੀ ਵਿਚੋਂ ਪੂਰਾ ਕੀਤਾ ਜਾ ਸਕੇ । ਗੁਰਦੁਆਰਾ ਸਾਹਿਬ ਦੇ ਬਰਤਨ ਜਾਂ ਹੋਰ ਕੋਈ ਵਸਤੂ ਮਿਥੀ ਹੋਈ ਸੈਨਿਕ ਕਲੋਨੀ ਦੀ ਹਦੂਦ ਵਿਚ ਹੀ ਦਿੱਤੇ ਜਾਣਗੇ। ਗੁਰਦੁਆਰਾ ਸਾਹਿਬ ਦੀਆਂ ਵਸਤੂਆਂ ਅਤੇ ਬਰਤਨਾਂ ਦੀ ਦੇਖ ਭਾਲ ਅਤੇ ਉਨ੍ਹਾਂ ਨੂੰ ਵਧਾਉਣ ਲਈ ਜ਼ਰੂਰੀ ਭੇਟਾ ਪ੍ਰਬਧਕ ਕਮੇਟੀ ਨਿਯੁਕਤ ਕਰੇਗੀ। ਬਰਤਨ ਅਤੇ ਵਸਤੂਆਂ ਵਾਪਸ ਲੈਣ ਸਮੇਂ ਸਟੋਰ ਇੰਚਾਰਜ ਇਸ



Sant Mela Singh Technical Ashram
Diglana Ashram, Jammu

Gurdwara Sri ... Colony, Jammu
24.9.2012 ਨੰ: 15

ਭੇਟਾਵਾਂ ਨੂੰ ਵਸੂਲ ਕਰਨਗੇ ਅਤੇ ਇਸ ਮਾਇਆ ਦੀ ਰਸੀਦ ਕੱਟ ਕਿ ਅਗਲੇ ਦਿਨ ਹੀ ਖਜ਼ਾਨਚੀ ਕੋਲ ਜਮਾਂ ਕਰਾਉਣਗੇ।

ਗੁਰਦੁਆਰਾ ਸਾਹਿਬ ਦੇ ਸਟੋਰ ਦਾ ਮੌਜੂਦਾ ਸਟਾਕ ਦਾ ਹਿਸਾਬ ਕਿਤਾਬ ਸਾਲ ਵਿਚ ਦੋ ਵਾਰ ਪ੍ਰਧਾਨ ਸਾਹਿਬ ਦੀ ਨਿਜੀ ਦੇਖ ਰੇਖ ਜਾਂ ਉਨ੍ਹਾਂ ਦੁਆਰਾ ਨਿਯੁਕਤ ਕੀਤੇ ਗਏ ਪ੍ਰਬੰਧਕ ਮੈਂਬਰਾਂ ਦੁਆਰਾ ਕੀਤਾ ਜਾਵੇਗਾ। ਵੱਧ ਘੱਟ ਦੇ ਲੇਖੇ ਜੋਖੇ ਦਾ ਉਤਰਦਾਈ ਸਟੋਰ ਇੰਚਾਰਜ ਹੋਵੇਗਾ। ਇਸ ਬੋਰਡ ਨੂੰ ਰਾਈਟ ਆਫ ਕਰਨ ਦਾ ਅਧਿਕਾਰ ਹੋਵੇਗਾ। ਜੋ ਵਸਤੂਆਂ ਖਰਾਬ ਹੋ ਗਈਆਂ ਹਨ ਅਤੇ ਵਰਤੋਂ ਵਿਚ ਨਹੀਂ ਲਿਆਈਆਂ ਜਾ ਸਕਦੀਆਂ । ਇਨ੍ਹਾਂ ਨੂੰ ਸਕਰੈਪ ਦੇ ਤੌਰ ਤੇ ਵੇਚਣ ਦੀ ਵੀ ਸਿਫ਼ਾਰਿਸ਼ ਕਰ ਸਕਦੇ ਹਨ।

**(ਹ) ਸੇਵਾਦਾਰਾਂ ਦੀ ਜ਼ਿਮੇਵਾਰੀ**

ਸਮੁੱਚੇ ਗੁਰਦੁਆਰਾ ਸਾਹਿਬ ਦੀ ਸੇਵਾ ਸਫਾਈ , ਪਵਿੱਤਰਤਾ, ਸਵੱਛਤਾ ਦਾ ਧਿਆਨ ਰੱਖਣਗੇ। ਕੜਾਹ ਪ੍ਰਸ਼ਾਦ ਸਮੇਂ ਸਿਰ ਗੁਰਮਰਯਾਦਾ ਅਨੁਸਾਰ ਤਿਆਰ ਕਰਨਾ ਅਤੇ ਦੀਵਾਨ ਦੇ ਭੋਗ ਤੋਂ ਬਾਦ ਸੰਗਤ ਵਿਚ ਵਰਤਾਉਣਗੇ। ਗੁਰਦੁਆਰਾ ਸਾਹਿਬ ਦੇ ਹਾਲ ਦੀ ਵਿਛਾਈ ਅਤੇ ਸਫਾਈ ਦਾ ਖਾਸ ਖਿਆਲ ਰੱਖਣਗੇ ਅਤੇ ਮਹੀਨੇ ਦੀ ਉਗਰਾਹੀਂ (ਸੰਗਰਾਦ, ਗੁਰਪੂਰਬ ਆਦਿ ਸਮੇਂ) ਦੀ ਸੇਵ ਵਿਚ ਸਹਿਯੋਗ ਦੇਣਗੇ।

ਸਟੋਰ ਇੰਚਾਰਜ ਨਾਲ ਬਰਤਨਾਂ ਅਤੇ ਹੋਰ ਵਸਤੂਆਂ ਦੇ ਲੈਣ ਦੇਣ ਸਮੇਂ ਸਹਾਇਤਾ ਕਰਨਗੇ। ਗੁਰਦੁਆਰਾ ਸਾਹਿਬ ਦੀ ਹਰ ਵਸਤੂ ਦੀ ਨਿਗਰਾਨੀ ਲਈ ਹਮੇਸ਼ਾ ਹਾਜ਼ਰ ਰਹਿਣਗੇ। ਕਿਸੇ ਜ਼ਰੂਰੀ ਕੰਮ ਲਈ ਗੁਰਦੁਆਰਾ ਸਾਹਿਬ ਤੋਂ ਬਾਹਰ ਜਾਣ ਤੋਂ ਪਹਿਲਾਂ ਅਰਜ਼ੀ ਪਾ ਕੇ ਪ੍ਰਬੰਧਕਾਂ ਤੋਂ ਪ੍ਰਵਾਨਗੀ ਲੈ ਕੇ ਜਾ ਸਕਦੇ ਹਨ। ਸੇਵਾਦਾਰ ਗੁਰਦੁਆਰਾ ਸਾਹਿਬ ਦੀ ਚਾਰ ਦੁਆਰੀ ਦੇ ਅੰਦਰ ਹਰ ਚੀਜ਼ ਦੀ ਦੇਖਭਾਲ / ਸੰਭਾਲ ਕਰਨਗੇ। ਸੰਧਿਆ ਦੇ ਸਾਰੇ ਦੀਵਾਨ ਦੀ ਸਮਾਪਤੀ ਤੋਂ ਮਗਰੋਂ ਅਤੇ ਵਿਸ਼ਰਾਮ ਕਰਨ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਸਾਰੇ ਦਰਵਾਜ਼ੇ ਬੰਦ ਕਰ ਕੇ ਉਨਾ ਨੂੰ ਤਾਲੇ ਲਾਉਣਗੇਂ।

ਸੇਵਾਦਾਰ ਸਮੇਂ ਸਿਰ ਗੁਰਦੁਆਰਾ ਸਾਹਿਬ ਸਬੰਧੀ ਪ੍ਰਧਾਨ/ ਸਕੱਤਰ ਵਲੋਂ ਅਤੇ ਹੋਰ ਪ੍ਰਬੰਧਕ ਮੈਂਬਰਾਂ ਨੂੰ ਸੂਚਨਾਵਾਂ ਦੇਣ ਅਤੇ ਉਨ੍ਹਾਂ ਦੀਆਂ ਹਦਾਇਤਾਂ ਅਨੁਸਾਰ ਕੰਮ ਕਰਨਗੇ। ਗੁਰਦੁਆਰਾ ਸਾਹਿਬ ਵਿਖੇ ਹੋ ਰਹੇ ਸਾਰੇ ਪ੍ਰੋਗਰਾਮਾਂ ਵਿਚ ਪੂਰਾ ਸਹਿਯੋਗ ਦੇਣ ਲਈ ਤਤਪਰ ਰਹਿਣਗੇਂ। ਸੇਵਾਦਾਰ ਪ੍ਰਬੰਧਕਾਂ ਦੇ ਮਿਥੇ ਪ੍ਰੋਗਰਾਮ ਅਨੁਸਾਰ ਹੀ ਆਪਣੀ ਡਿਊਟੀ ਦਾ ਸਹਿਯੋਗ ਦੇਣਗੇ।



Sant Mela Singh Technical Ashram
Digiana Ashram, Jammu
15

24.9.2012
ਮਿਤੀ: 16.

ਨਿਚੋੜ (ਕੰਨਕਲੂਯਨ)

1. ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੈਨਿਕ ਕਲੋਨੀ ਦੇ ਇਹਨਾਂ ਨਿਯਮਾਂ-ਉਪਨਿਯਮਾਂ ਨੂੰ ਸੰਗਤ ਨੇ ਬਹੁਸੰਮਤੀ ਨਾਲ ਅੱਜ ~~ਐਤਵਾਰ~~ ਸੋਮਵਾਰ--ਮਿਤੀ --24.9.2012 ਨੂੰ ਪ੍ਰਵਾਨਗੀ ਦਿੱਤੀ ਹੈ।

2. ਇਸ ਤੋਂ ਪਹਿਲਾਂ ਦਾ ਕੋਈ ਵੀ ਨਿਯਮ/ ਉਪ ਨਿਯਮ ਅੱਜ 24.9.12 ਤਿਥੀ ਤੋਂ ਲਾਗੂ ਨਹੀਂ ਸਮਝਿਆ ਜਾਵੇਗਾ ਅਤੇ ਨਾ ਹੀ ਕਿਸੇ ਹੋਰ ਸੰਸਥਾ ਦਾ ਕੋਈ ਨਿਯਮ ਸਵਾਏ (ਸ੍ਰੀ ਅਕਾਲ ਤੱਖਤ ਸਾਹਿਬ) ਗੁਰਦੁਆਰਾ ਸ੍ਰੀ ਸਿੰਘ ਸਭਾ ਸੈਨਿਕ ਕਲੋਨੀ ਤੇ ਲਾਗੂ ਹੋਵੇਗਾ।

3. ਇਨ੍ਹਾਂ ਨਿਯਮਾਂ/ਉਮਨਿਯਮਾਂ ਵਿਚ ਕੋਈ ਵੀ ਤਬਦੀਲੀ ਸਮੇਂ ਦੀ ਪ੍ਰਬੰਧਕ ਕਮੇਟੀ ਅਤੇ ਸਲਾਹਕਾਰ ਕਮੇਟੀ ਦੀ ਸਾਂਝੀ ਬੈਠਕ ਰਾਹੀਂ ਦੋ ਤਿਹਾਈ (2/3) ਬਹੁਸੰਮਤੀ ਦੇ ਨਾਲ ਕੀਤੀ ਜਾ ਸਕੇਗੀ।

" ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਹਤਿ"

Manager
Sant Mela Singh Technical Ashram
Digiana Ashram, Jammu

Gurudwara Sri Guru Singh Sabha Sainik Colony

Date 24.9.2017

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੈਨਿਕ ਕਲੋਨੀ ਦੇ ਨਿਯਮ ਅਤੇ ਉਪਨਿਯਮ ਦਾ ਖਰੜਾ ਸ੍ਰੀ ਮਾਨ ਬ੍ਰਿਗੇਡੀਅਰ ਭਗਤ ਸਿੰਘ ਜੀ ਦੀ ਚੇਅਰਮੈਨ ਦੀ ਅਗਵਾਈ ਹੇਠ ਅਤੇ ਸੈਨਿਕ ਕਲੋਨੀ ਦੀ ਹਦੂਦ ਵਿਚ ਰਹਿਣ ਵਾਲੇ ਬੁਧੀਜੀਵਾਂ ਦੇ ਸਹਿਯੋਗ ਸਦਕਾ ਤਿਆਰ ਕੀਤਾ ਗਿਆ ਹੈ। ਜਿਨ੍ਹਾਂ ਦੇ ਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ।

1. ਬ੍ਰਿਗੇਡੀਅਰ ਭਗਤ ਸਿੰਘ ਜੀ (ਚੇਅਰਮੈਨ) →
2. ਗਿਆਨੀ ਸੁਰਜੀਤ ਸਿੰਘ ਜੀ →
3. ਬ੍ਰਿਗੇਡੀਅਰ ਐਸ.ਐਸ ਸੈਨੀ →
4. ਕਰਨਲ ਜੀ.ਐਸ ਬੱਬਰ ( ਵੀ.ਐਸ.ਐਮ) → 24/9/12
5. ਕਰਨਲ ਹਰਪਾਲ ਸਿੰਘ ਬਾਲੀ
6. ਪ੍ਰੋ. ਅਮਰੀਕ ਸਿੰਘ →
7. ਦਵਿੰਦਰ ਸਿੰਘ (ਬੀ.ਡੀ.ਓ) –
8. ਕਰਨਲ ਹਰਪਾਲ ਸਿੰਘ →
9. ਜਗਜੀਤ ਸਿੰਘ (ਬੈਂਕ ਵਾਲੇ) →
10. ਪ੍ਰੋ. ਗਰੀਬ ਸਿੰਘ →
11. ਬੀਬੀ ਮਹਿੰਦਰ ਕੌਰ → ਮਹਿੰਦਰ ਕੌਰ
12. ਬੀਬੀ ਚਰਨਜੀਤ ਕੌਰ
13. ਬਲਬੀਰ ਸਿੰਘ (ਐਸ.ਐਮ.ਪੀ) →
14. ਸਕੋਡਨ ਲੀਡਰ ਸਰਨ ਸਿੰਘ –
15. ਦਲੀਪ ਸਿੰਘ (ਡਾਇਰੈਕਟਰ) –
16. ਮਾਸਟਰ ਕਰਨਜੀਤ ਸਿੰਘ –
17. ਮਾਸਟਰ ਹਰਦੇਵ ਸਿੰਘ

Sant Mela Singh Technical Ashram
Diglana Ashram, Jammu

Gurudwara Sri ... Singh Sabha
Date 24.9.2017
Sainik Colony, Jammu

ਅਪੈਨਡਿਕਸ (ੳ)

(Appx - A)

## ਪ੍ਰਬੰਧਕ ਕਮੇਟੀ ਦੀਆਂ ਧਾਰਮਿਕ ਅਤੇ ਸਮਾਜਿਕ ਜ਼ਿਮੇਵਾਰੀਆਂ

ਇਸ ਸਾਇੰਸੀ ਅਤੇ ਤਕਨੀਕੀ ਯੁੱਗ ਅੰਦਰ ਦਿਨ ਪ੍ਰਤੀ ਦਿਨ ਨਵੀਆਂ ਤਬਦੀਲੀਆਂ ਆ ਰਹੀਆਂ ਹਨ। ਇਨ੍ਹਾਂ ਤਬਦੀਲੀਆਂ ਨੇ ਸਾਡੇ ਸਮਾਜਿਕ ਅਤੇ ਧਾਰਮਿਕ ਢਾਂਚੇ ਨੂੰ ਬਦਲ ਕੇ ਰੱਖ ਦਿੱਤਾ ਹੈ। ਖਾਸ ਤੌਰ ਤੇ ਸਾਡੀ ਨੌਜਵਾਨ ਪੀੜੀ ਅਤੇ ਬੱਚਿਆਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਇਸ ਦੇ ਬੁਰੇ ਅਸਰ ਤਕਰੀਬਨ ਹਰ ਇਕ ਸਿੱਖ ਪਰਿਵਾਰ ਵਿਚ ਵੇਖਣ ਨੂੰ ਮਿਲਦੇ ਹਨ। ਸਾਰੇ ਹੀ ਗੁਰਦੁਆਰਾ ਸਾਹਿਬ, ਧਾਰਮਿਕ ਅਤੇ ਸਮਾਜਿਕ ਗਤੀ ਵਿਧੀਆਂ ਲਈ ਸਿੱਖ ਕੌਮ ਲਈ ਕੇਂਦਰ ਹਨ।

ਹਰ ਇਕ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਉਪਰਾਲਾ ਹੋਣਾ ਚਾਹੀਦਾ ਹੈ ਕਿ ਅਸੀਂ ਆਪਣੇ ਧਾਰਮਿਕ ਅਤੇ ਸਮਾਜਿਕ ਢਾਂਚੇ ਵਿਚ ਆ ਚੁਕੀਆਂ ਅਤੇ ਆ ਰਹੀਆਂ ਖਾਮੀਆਂ ਨੂੰ ਦੂਰ ਕਰਨ ਵਿਚ ਹਮੇਸ਼ਾ ਯਤਨਸ਼ੀਲ ਹੋਈਏ। ਹੇਠਾਂ ਕੁਝ ਸੁਜਾਓ ਹਨ ਜਿਨ੍ਹਾਂ ਨੂੰ ਅਪਨਾਕੇ ਅਸੀਂ ਕਾਮਯਾਬੀ ਦੇ ਰਾਹ ਤੇ ਤੁਰ ਸਕਦੇ ਹਾਂ।

**(ੳ) ਧਾਰਮਿਕ ਪੱਖੋ**

1. ਸਥਾਈ ਤੌਰ ਤੇ ਗੁਰਮੁਖੀ (ਪੰਜਾਬੀ ਦੀ ਪੜ੍ਹਾਈ) ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵਿਖੇ ਚਲਾਣਾ।

2. ਗੁਰਇਤਿਹਾਸ ਦੀ ਜਾਣਕਾਰੀ ਲੜੀਵਾਰ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ) ਸੰਗਤਾਂ ਵਿਚ ਪ੍ਰਚਲਤ ਕਰਵਾਣਾਂ।

3. ਬਸਤੀ ਵਿਚ ਰਹਿਣ ਵਾਲੇ ਧਾਰਮਿਕ ਵਿਚਾਰਾਂ ਵਾਲੇ ਵਿਦਵਾਨਾਂ ਦਾ ਪੂਰਨ ਸਹਿਯੋਗ ਅਤੇ ਉਨ੍ਹਾਂ ਦੀ ਯੋਗ ਸਹਾਇਤਾ ਲੈਣੀ।

4. ਸ੍ਰੀ ਆਕਾਲ ਤਖ਼ਤ ਸਾਹਿਬ ਵੱਲੋਂ ਸਮੇਂ ਸਮੇਂ ਸਿਰ ਜਾਰੀ ਕੀਤੇ ਗਏ ਹੁਕਮਨਾਮੇ ਜਿਨ੍ਹਾਂ ਦੀ ਪਾਲਨਾ ਸਾਰੇ ਸਿੱਖ ਜਗਤ ਲਈ ਲਾਜ਼ਮੀ ਹੈ। ਸੰਗਤ ਨੂੰ ਇਸ ਬਾਰੇ ਸੂਚਿਤ ਕਰਦੇ ਰਹਿਣਾ।

5. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੇ ਗਏ ਲਿਟਰੇਚਰ ਬਾਰੇ ਸੰਗਤਾਂ ਨੂੰ ਸੂਚਿਤ ਕਰਨਾ ਅਤੇ ਇਸ ਦੀ ਵੰਡ ਸੰਗਤਾਂ ਵਿਚ ਕਰਨੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਯੁਕਤ ਕੀਤੇ ਗਏ ਪ੍ਰਚਾਰਕਾਂ ਨਾਲ ਸਹਿਯੋਗ ਕਰਕੇ ਉਨ੍ਹਾਂ ਦੀ ਮੱਦਦ ਦੁਆਰਾ ਧਾਰਮਿਕ ਕੰਮਾਂ ਲਈ ਹਮੇਸ਼ਾਂ ਯਤਨਸ਼ੀਲ ਰਹਿਣਾ।

5. **ਲਾਈਬਰੇਰੀ ਦੀ ਸਥਾਪਨਾ**

ਗੁਰਦੁਆਰਾ ਸਾਹਿਬ ਵਿਖੇ ਲਾਈਬਰੇਰੀ ਸਥਾਪਤ ਕੀਤੀ ਜਾਵੇ। ਲਿਟਰੇਚਰ ਇਕ ਬਹੁਤ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਸਾਧਨ ਹੈ ਜਿਸ ਨਾਲ ਮਾਨਸਿਕ ਦ੍ਰਿਸ਼ਟੀਕੋਨ ਨੂੰ ਬਦਲਿਆ ਅਤੇ ਢੁੱਕਵੀ ਸੇਧ ਦਿੱਤੀ ਜਾ

18

Sant Mela Singh Technical Ashram
Bishana Ashram, Jammu

ਸਕਦੀ ਹੈ। ਸਮਾਜ ਵਿਚ ਧਾਰਮਿਕ ਕਿਤਾਬਾਂ ਪੜ੍ਹਣ ਦੀ ਰੁਚੀ ਘਟਦੀ ਜਾ ਰਹੀ ਹੈ। ਇਸ ਨਾਲ ਇਸ ਘਾਟੇ ਦੀ ਪੂਰਤੀ ਦੇ ਯਤਨ ਕੀਤੇ ਜਾ ਸਕਦੇ ਹਨ।

**ਸਮਾਜਿਕ ਪੱਖ**

ਅੱਜ ਦਾ ਨੌਜਵਾਨ ਸਮਾਜ ਵਿਚ ਆਈਆਂ ਹੋਈਆਂ ਬੁਰਾਈਆਂ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਗਿਆ ਹੈ। ਨਸ਼ੇ ਅਤੇ ਵਿਕਾਰਾਂ ਵਿਚ ਡੁੱਬ ਰਿਹਾ ਹੈ । ਹਰ ਪ੍ਰਬੰਧਕ ਕਮੇਟੀ ਦਾ ਇਹ ਉਪਰਾਲਾ ਹੋਣਾ ਚਾਹੀਦਾ ਹੈ ਕਿ ਜਿਸ ਬਸਤੀ ਵਿਚ ਰਹਿੰਦੇ ਹੋਈਏ ਆਪਣੇ ਸਿੱਖ ਸਮਾਜ ਦੀ ਨਵੀਂ ਪੀੜ੍ਹੀ ਨੂੰ ਇਸ ਤੋਂ ਬਚਾ ਸਕੀਏ । ਜੋ ਵਿਅਕਤੀ ਇਸ ਦੇ ਸ਼ਿਕਾਰ ਹੋ ਚੁੱਕੇ ਹਨ ਉਨ੍ਹਾਂ ਨੂੰ ਇਸ ਬੁਰਾਈ ਤੋਂ ਬਚਾਉਣ ਅਤੇ ਕੱਢਣ ਲਈ ਹਰ ਪ੍ਰਕਾਰ ਦੇ ਯਤਨ ਕਰਨੇ ਚਾਹੀਦੇ ਹਨ।

ਸਮਾਜ ਦੇ ਆਰਥਿਕ ਪੱਖੋਂ ਕਮਜ਼ੋਰ ਅਤੇ ਹੋਣਹਾਰ ਸਿੱਖ ਬੱਚਿਆਂ ਦੀ ਆਰਥਿਕ ਮਦਦ ਕਰਕੇ ਉਨ੍ਹਾਂ ਨੂੰ ਆਪਣੇ ਪੈਰਾਂ ਤੇ ਖੜਿਆ ਕਰਨ ਦਾ ਉਪਰਾਲਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਦੁਆਰਾ ਕੀਤਾ ਜਾਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਡੇਰਾ ਨੰਗਾਲੀ ਸਾਹਿਬ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਵਿਦਿਅਕ ਕੇਂਦਰਾਂ ਵਿਚ ਉਨ੍ਹਾਂ ਹੋਨਹਾਰ ਬੱਚਿਆਂ ਦੇ ਦਾਖਲੇ ਬਾਰੇ ਯਤਨ ਕਰਨਾ ਅਤੇ ਭਵਿਖ ਸਵਾਰਨਾਂ।

... Singh Technical Ashram
Digiana Ashram, Jammu

19

C.T.

16/1/2015

Chairman
Gur. Sri Guru Singh Sab...
Sainik Colony, Jammu